# ਅਧਿਆਇ 26

# ਅਸੀਸਾਂ ਅਤੇ ਸਰਾਪ

ਪੁਰਾਤਨ ਨੇੜਲੇ ਪੂਰਬ ਵਿਚ ਮਸੀਹ ਤੋਂ ਪਹਿਲਾਂ ਦੇ ਦੋ ਹਜ਼ਾਰੇ ਵਿਚ ਵੱਡੀ ਸ਼ਕਤੀ (ਵੱਡੀ ਰਿਆਸਤ) ਅਤੇ ਛੋਟੀ ਸ਼ਕਤੀ (ਛੋਟੀ ਰਿਆਸਤ) ਵਿਚਕਾਰ ਅੰਤਰਰਾਸ਼ਟਰੀ ਸਮਝੌਤੇ ਆਮ ਤੌਰ ਤੇ ਇਕ ਖ਼ਾਸ ਰੂਪ ਲੈ ਲੈਂਦੇ ਸਨ। (1) ਉਨ੍ਹਾਂ ਦੀ ਸ਼ੁਰੂਆਤ ਆਪਣੇ ਤੋਂ ਛੋਟੀ ਰਿਆਸਤ ਨਾਲ ਸੰਧੀ/ ਅਹਿਦ ਕਰਨ ਦੀ ਪੇਸ਼ਕਸ਼ ਕਰਨ ਵਾਲੇ ਵੱਡੇ ਰਾਜੇ ਦੇ ਨਾਮ ਅਤੇ ਪਛਾਣ ਨਾਲ ਹੁੰਦੀ। (2) ਫਿਰ ਉਹ ਅਹਿਦ ਕਰਨ ਵਾਲੀਆਂ ਦੋਹਾਂ ਧਿਰਾਂ ਵਿਚਲੇ ਇਤਹਾਸ ਨੂੰ ਦੁਹਰਾਉਂਦੇ। (3) ਉਨ੍ਹਾਂ ਵਿਚ ਉਹ ਸਹਿਮਤੀਆਂ ਜਾਂ ਸ਼ਰਤਾਂ ਸ਼ਾਮਲ ਹੁੰਦੀਆਂ ਜਿਹੜੀਆਂ ਛੋਟੀ ਰਿਆਸਤ ਲਈ ਪੂਰੀਆਂ ਕਰਨੀਆਂ ਜ਼ਰੂਰੀ ਹੁੰਦੀਆਂ ਸਨ। (4) ਇਹ ਸਾਫ਼ ਕਰਦਿਆਂ ਕਿ ਸਮਝੌਤੇ ਦੇ ਪ੍ਰਾਪਤਕਰਤਾ (ਛੋਟੀ ਰਿਆਸਤ) ਨੂੰ ਸਮਝੌਤੇ ਦੀਆਂ ਸ਼ਰਤਾਂ ਮੰਨਣ ਤੇ ਕਿਹੜੀਆਂ ਅਸੀਸਾਂ ਮਿਲਣੀਆਂ ਸਨ, ਅਤੇ ਜੇ ਉਹ ਉਨ੍ਹਾਂ ਨੂੰ ਨਾ ਮੰਨੇ ਤਾਂ ਉਹਨੂੰ ਕੀ-ਕੀ ਸਰਾਪ ਜਾਂ ਸਜ਼ਾ ਮਿਲਣੀ ਸੀ, ਅਸੀਸਾਂ ਅਤੇ ਬਰਕਤਾਂ ਦੀ ਗੱਲ ਵੀ ਹੁੰਦੀ।[1]

ਜਿਹੜਾ ਨੇਮ ਖ਼ੁਦਾ ਨੇ ਸੀਨੈ ਪਹਾੜ ਤੇ ਆਪਣੇ ਲੋਕਾਂ ਨਾਲ ਬੰਨ੍ਹਿਆ (ਜਦ ਉਹਨੇ ਉਨ੍ਹਾਂ ਨੂੰ ਸ਼ਰ੍ਹਾ ਦਿੱਤੀ) ਉਹ ਵੱਡੀ ਰਿਆਸਤ-ਛੋਟੀ ਰਿਆਸਤ ਵਿਚਲੇ ਸਮਝੌਤੇ ਵਰਗਾ ਸੀ। ਕੂਚ 19 ਅਤੇ 20 ਵਿਚ ਯਹੋਵਾਹ ਨੇ ਇਸਰਾਏਲ ਦਾ ਵੱਡਾ ਰਾਜਾ ਬਣਨ ਲਈ ਆਪਣਾ ਨਾਮ ਅਤੇ ਯੋਗਤਾਵਾਂ ਦਿੱਤੀਆਂ। ਫਿਰ ਉਹਨੇ ਇਸਰਾਏਲ ਨੂੰ ਨੇਮ ਤੋਂ ਪਹਿਲਾਂ ਦੇ ਦੋਹਾਂ ਧਿਰਾਂ ਦੇ ਪੁਰਾਣੇ ਇਤਹਾਸ ਨੂੰ ਯਾਦ ਕਰਾਇਆ ਕਿ ਉਹਨੇ ਇਸਰਾਏਲ ਨੂੰ ਮਿਸਰ ਦੀ ਗੁਲਾਮੀ ਵਿੱਚੋਂ ਕੱਢਿਆ ਸੀ। ਕੂਚ ਅਤੇ ਲੇਵੀਆਂ ਦੀ ਪੋਥੀ ਵਿਚ ਖ਼ੁਦਾ ਨੇ ਸਮਝੌਤੇ/ਅਹਿਦ ਜਾਂ ਨੇਮ ਦੀਆਂ ਸਹਿਮਤੀਆਂ ਭਾਵ ਇਸਰਾਏਲੀਆਂ ਵੱਲੋਂ ਮੰਨੇ ਜਾਣ ਵਾਲੇ ਹੁਕਮ ਅਤੇ ਨਿਯਮ ਲਿਖ ਦਿੱਤੇ। ਉਹਨੇ ਇਸਰਾਏਲੀਆਂ ਵੱਲੋਂ ਉਨ੍ਹਾਂ ਸਹਿਮਤੀਆਂ ਨੂੰ ਮੰਨਣ ਜਾਂ ਨਾ ਮੰਨਣ ਤੇ ਮਿਲਣ ਵਾਲੀਆਂ ਅਸੀਸਾਂ ਜਾਂ ਸਰਾਪਾਂ ਬਾਰੇ ਦੱਸਦਿਆਂ ਲੇਵੀਆਂ 26 ਵਿਚ ਨੇਮ ਦੇ ਪ੍ਰਕਾਸ਼ ਨੂੰ ਨੇਪਰੇ ਚਾੜ੍ਹਿਆ।

ਲੇਵੀਆਂ 26 ਅਧਿਆਇ 1 ਤੋਂ 25 ਵਿਚਲੇ ਨਿਯਮ ਦੇ ਸਾਰ ਦਾ ਕੰਮ ਕਰਦਾ ਹੈ। ਇਸ ਨਾਲ ਇਸਰਾਏਲੀਆਂ ਨੂੰ ਖ਼ੁਦਾ ਵੱਲੋਂ ਉਨ੍ਹਾਂ ਨੂੰ ਦਿੱਤੇ ਗਏ ਨਿਯਮਾਂ ਨੂੰ ਮੰਨਣ ਦੇ ਘੱਟੋ-ਘੱਟ ਦੋ ਬੜੇ ਵਧੀਆ ਕਾਰਣ ਦੇ ਦਿੱਤੇ ਕਿ ਜੇ ਉਹ ਹੁਕਮ ਮੰਨਦੇ ਤਾਂ ਉਨ੍ਹਾਂ ਨੂੰ ਅਸੀਸ ਮਿਲਣੀ ਸੀ; ਜੇ ਉਹ ਹੁਕਮ ਨਾ ਮੰਨਦੇ ਤਾਂ ਉਨ੍ਹਾਂ ਨੂੰ ਸਰਾਪ ਮਿਲਣਾ ਸੀ।

### ਨੇਮ ਦੀਆਂ ਬੁਨਿਆਦੀ ਸ਼ਰਤਾਂ (26:1, 2)

**1ਤੁਸਾਂ ਆਪਣੇ ਲਈ ਕੋਈ ਠਾਕੁਰ ਨਾ ਬਣਾਉਣਾ, ਨਾ ਆਪਣੇ ਲਈ ਕੋਈ ਉੱਕਰੀ ਹੋਈ ਕੋਈ ਮੂਰਤ ਯਾਂ ਥੰਮ੍ਹ ਖੜਾ ਕਰਨਾ, ਅਤੇ ਨਾ ਆਪਣੇ ਦੇਸ ਵਿੱਚ ਕੋਈ ਪੱਥਰ ਦੀ ਮੂਰਤ ਉਸ ਦੇ ਅੱਗੇ ਨਿਉਣ ਲਈ ਰੱਖਣੀ, ਕਿਉਂ ਜੋ ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ। 2ਤੁਸਾਂ ਮੇਰਿਆਂ ਸੱਬਤਾਂ ਦੀ ਮਨਾਉਤਾ ਕਰਨੀ ਅਤੇ ਮੇਰੇ ਪਵਿੱਤਰ ਅਸਥਾਨ ਦਾ ਆਦਰ ਕਰਨਾ। ਮੈਂ ਯਹੋਵਾਹ ਹਾਂ।**

ਯਹੋਵਾਹ ਨੇ ਨੇਮ ਨਾਲ ਜੁੜੇ ਇਨਾਮਾਂ ਅਤੇ ਸਜ਼ਾਵਾਂ ਦੇ ਆਪਣੇ ਸੰਦੇਸ਼ ਨੂੰ ਸ਼ੁਰੂ ਕਰਨ ਤੋਂ ਪਹਿਲਾਂ

ਇਸਰਾਏਲੀਆਂ ਨੂੰ ਸ਼ਰ੍ਹਾ ਦੀਆਂ ਬੁਨਿਆਦੀ ਸ਼ਰਤਾਂ ਯਾਦ ਕਰਵਾਈਆਂ।

**ਆਇਤਾਂ 1, 2.** ਇਨ੍ਹਾਂ ਆਇਤਾਂ ਨੂੰ ਪਿਛਲੇ ਪੰਝੀ ਅਧਿਆਇ ਵਿਚਲੇ ਨਿਯਮਾਂ ਦੇ ਸਾਰ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਯਹੋਵਾਹ ਆਪਣੇ ਲੋਕਾਂ ਤੋਂ ਕੀ ਚਾਹੁੰਦਾ ਸੀ?

ਦਸਾ ਹੁਕਮਾਂ ਵਿੱਚੋਂ ਪਹਿਲੇ ਦੋ ਹੁਕਮਾਂ ਅਨੁਸਾਰ ਇਸਰਾਏਲੀਆਂ ਲਈ ਬੁੱਤਪ੍ਰਸਤੀ ਨੂੰ ਰੱਦਣਾ ਅਤੇ ਸਿਰਫ਼ ਖ਼ੁਦਾ ਦੀ ਬੰਦਗੀ ਕਰਨਾ ਸੀ। ਉਨ੍ਹਾਂ ਲਈ ਇਹ ਯਕੀਨੀ ਬਨਾਉਣਾ ਜ਼ਰੂਰੀ ਸੀ ਕਿ ਉਹ (1) ਕੋਈ **ਠਾਕੁਰ** ਨਾ ਬਨਾਉਣ, (2) ਕਿਸੇ ਉੱਕਰੀ ਹੋਈ **ਮੂਰਤ** ਦੀ ਪੂਜਾ ਨਾ ਕਰਨ, ਅਤੇ (3) ਕਿਸੇ ਵੀ ਤਰ੍ਹਾਂ ਦੇ **ਥੰਮ੍ਹ** ਜਾਂ **ਪੱਥਰ ਦੀ ਮੂਰਤ ਦੇ ਅੱਗੇ ਨਿਉਣ** ਤੋਂ ਇਨਕਾਰ ਕਰਨ। ਬੁੱਤਪ੍ਰਸਤੀ ਦੇ ਇਹ ਸਾਰੇ ਰੂਪ ਕਨਾਨ ਦੇਸ਼ ਵਿਚ ਅਤੇ ਪੁਰਾਤਨ ਨੇੜਲੇ ਪੂਰਬ ਵਿਚ ਹਰ ਜਗ੍ਹਾ ਆਮ ਸਨ। ਇਸਰਾਏਲ ਦੀ ਵੱਡੀ ਖਾਸੀਅਤ ਇਹ ਸੀ ਕਿ ਇਸ ਦੇ ਲੋਕਾਂ ਨੇ ਕਨਾਨ ਜਾਂ ਇਸ ਦੇ ਆਲੇ ਦੁਆਲੇ ਦੀਆਂ ਕੌਮਾਂ ਦੇ ਬਾਸ਼ਿੰਦਿਆਂ ਵਾਂਗ ਮੂਰਤੀਆਂ ਦੇ ਦੇਵਤਿਆਂ ਦੀ ਪੂਜਾ ਨਹੀਂ ਕਰਨੀ ਸੀ। ਆਪਣੇ ਲੋਕਾਂ ਨੂੰ ਇਹ ਯਾਦ ਕਰਾਉਂਦਿਆਂ ਕਿ ਉਹ ਉਸ ਦੇ ਪ੍ਰਤੀ ਪੂਰੀ ਵਫ਼ਾਦਾਰੀ ਵਿਖਾਉਣ, ਯਹੋਵਾਹ ਨੇ ਉਨ੍ਹਾਂ ਦੇ ਪਵਿੱਤਰ ਹੋਣ ਦੀ ਜ਼ਿੰਮੇਵਾਰੀ ਉੱਤੇ ਜ਼ੋਰ ਦਿੱਤਾ ਜਿਵੇਂ ਉਹ ਆਪ ਪਵਿੱਤਰ ਹੈ। ਉਨ੍ਹਾਂ ਤੋਂ ਆਪਣੇ ਸਾਥੀ ਨਾਲ ਪਿਆਰ ਵਿਖਾਉਂਦੇ ਹੋਏ ਨਿਰੋਲ ਅਤੇ ਨੈਤਿਕ ਜੀਵਨ ਜੀਣ ਦੀ ਉਮੀਦ ਕੀਤੀ ਜਾਂਦੀ ਸੀ।

ਲੋਕਾਂ ਲਈ ਉਸ ਦੇ **ਸੱਬਤਾਂ ਦੀ ਮਨਾਉਤਾ ਕਰਨੀ ਅਤ ਮੇਰੇ ਪਵਿੱਤਰ ਅਸਥਾਨ ਦਾ ਆਦਰ ਕਰਨਾ** ਵੀ ਜ਼ਰੂਰੀ ਸੀ। ਇਸ ਹੁਕਮ ਵਿਚ ਖ਼ੁਦਾ ਉਨ੍ਹਾਂ ਸਾਰੀਆਂ ਸ਼ਰਤਾਂ ਨੂੰ ਸ਼ਾਮਲ ਕਰਨਾ ਚਾਹੁੰਦਾ ਹੋਵੇਗਾ ਜਿਹੜੀਆਂ ਡੇਰੇ, ਬੰਦਗੀ ਅਤੇ ਕੁਰਬਾਨੀ ਨਾਲ ਸਬੰਧਿਤ ਲੇਵੀਆਂ ਦੀ ਪੋਥੀ ਵਿਚ ਮਿਲਦੀਆਂ ਹਨ। ਇਸ ਵਿਚ ਅਧਿਆਇ 23 ਤੋਂ 25 ਵਿਚ ਦੱਸੇ ਖ਼ੁਦਾ ਦੇ ਸਾਰੇ ਖ਼ਾਸ ਸਮਿਆਂ ਨੂੰ ਮਨਾਇਆ ਜਾਣਾ ਵੀ ਹੋਵੇਗਾ।

ਯਹੋਵਾਹ ਨੇ **ਮੈਂ ਯਹੋਵਾਹ ਹਾਂ** ਫੇਰ ਤੋਂ ਆਖਦਿਆਂ ਆਪਣੇ ਸ਼ਬਦਾਂ ਦੀ ਅਹਿਮੀਅਤ ਉੱਤੇ ਜ਼ੋਰ ਦਿੰਦਿਆਂ ਗੱਲ ਖ਼ਤਮ ਕੀਤੀ।

## ਅਸੀਸਾਂ (26:3-13)

ਆਪਣੇ ਨਿਯਮਾਂ ਨੂੰ ਮਨਣ ਲਈ ਇਕ ਪ੍ਰੇਰਕ ਦੇ ਰੂਪ ਵਿਚ (26: 1, 2), ਯਹੋਵਾਹ ਨੇ ਮੰਨਣ ਲਈ ਚਾਰ ਜ਼ਬਰਦਸਤ ਅਸੀਸਾਂ ਦੇਣ ਦਾ ਵਾਅਦਾ ਕੀ ਤਾਂ ਜੋ ਇਸਰਾਏਲੀ ਉਸ ਦੀ ਗੱਲ ਨੂੰ ਮੰਨਦੇ।

### 1. ਫ਼ਸਲਾਂ ਦੀ ਬਹੁਤਾਇਤ (26: 3-5)

**3ਜੇ ਤੁਸੀਂ ਮੇਰੀਆਂ ਬਿਧਾਂ ਵਿੱਚ ਚੱਲ ਕੇ ਮੇਰੇ ਹੁਕਮਾਂ ਨੂੰ ਮੰਨੋਗੇ ਅਤੇ ਪੂਰਾ ਕਰੋਗੇ 4ਤਾਂ ਮੈਂ ਤੁਹਾਨੂੰ ਵੇਲੇ ਸਿਰ ਮੀਂਹ ਦੇਵਾਂਗਾ ਅਤੇ ਧਰਤੀ ਆਪਣੀ ਖੱਟੀ ਦੇਵੇਗੀ ਅਤੇ ਧਰਤੀ ਦੇ ਬਿਰਛ ਫਲ ਉਗਾਉਣਗੇ 5ਅਤੇ ਤੁਹਾਡਾ ਗਾਹ ਪਾਉਣਾ ਦਾਖਾਂ ਦੇ ਤੋਂੜਣ ਤਾਈਂ ਰਹੇਗਾ ਅਤੇ ਦਾਖਾਂ ਦਾ ਤੋਂੜਨਾ ਬੀਜਣ ਦੇ ਵੇਲੇ ਤਾਈਂ ਰਹੇਗਾ ਅਤੇ ਤੁਸੀਂ ਆਪਣੀ ਰੋਟੀ ਰੱਜ ਕੇ ਖਾਓਗੇ ਅਤੇ ਆਪਣੇ ਦੇਸ ਵਿੱਚ ਸੁਖ ਨਾਲ ਰਹੋਗੇ**

**ਆਇਤ 3.** ਅਸੀਸਾਂ ਦਾ ਇਹ ਭਾਗ ਯਹੋਵਾਹ ਵੱਲੋਂ ਇਸਰਾਏਲੀਆਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਯਾਦ ਕਰਾਉਣ ਨਾਲ ਸ਼ੁਰੂ ਹੁੰਦਾ ਹੈ: ਉਨ੍ਹਾਂ ਲਈ ਉਸ ਦੀਆਂ **ਬਿਧਾਂ ਵਿਚ ਚੱਲ ਕੇ** ਉਸ ਦੇ **ਹੁਕਮਾਂ ਨੂੰ ਮੰਨ**ਣਾ ਜ਼ਰੂਰੀ ਸੀ। ਖ਼ੁਦਾ ਆਪਣੇ ਹੁਕਮਾਂ ਨੂੰ ਮਨਵਾਉਣਾ ਚਾਹੁੰਦਾ ਸੀ।

**ਆਇਤਾਂ 4, 5.** ਯਹੋਵਾਹ ਨੇ ਵਾਅਦਾ ਕੀਤਾ ਕਿ ਜੇ ਇਸਰਾਏਲੀ ਲੋਕ ਉਸ ਦੀ ਗੱਲ ਮੰਨਦੇ ਤਾਂ ਉਨ੍ਹਾਂ ਨੂੰ ਫ਼ਸਲਾਂ ਭਰਪੂਰ ਮਿਲਣੀਆਂ ਸਨ। ਖ਼ੁਦਾ ਨੇ ਉਨ੍ਹਾਂ ਉੱਤੇ **ਮੀਂਹ** ਭੇਜਣਾ ਸੀ ਤਾਂ ਜੋ ਖੇਤਾਂ ਵਿਚ ਫ਼ਸਲ ਉੱਗੇ ਅਤੇ **ਦਾਖਾਂ** ਅਤੇ **ਬਿਰਛ ਫਲ** ਦੇਣ। ਅਨਾਜ ਐਨਾ ਜ਼ਿਆਦਾ ਹੋਣਾ ਸੀ ਕਿ ਇਸ

ਦਾ **ਗਾਹ ਪਾਉਣਾ** ਸਿਆਲ਼ ਦੀ ਵਾਢੀ ਤੋਂ ਬਾਅਦ, ਗਰਮੀਆਂ ਦੇ ਅਖ਼ੀਰ ਤਕ **ਦਾਖਾਂ ਦੇ ਤੋੜਨ** ਦੇ ਸਮੇਂ ਤਕ ਰਹਿਣਾ ਸੀ। ਇਸ ਤੋਂ ਛੁੱਟ ਦਾਖਾਂ ਐਨੀਆਂ ਜ਼ਿਆਦਾ ਹੋਣੀਆਂ ਸਨ ਕਿ ਉਨ੍ਹਾਂ ਦਾ ਇਕੱਠਾ ਕੀਤਾ ਜਾਣਾ ਸਿਆਲ ਵਿਚ ਅਨਾਜ ਬੀਜਣ **ਤਾਈਂ** ਰਹਿਣ ਸੀ! ਇਨ੍ਹਾਂ ਬਹੁਤਾਇਤ ਦੀਆਂ ਫ਼ਸਲਾਂ ਨਾਲ ਉਨ੍ਹਾਂ ਕੋਲ **ਰੋਟੀ ਖਾਣ** ਲਈ[2] ਬਹੁਤ ਹੋਣਾ ਸੀ। ਅਤੇ ਉਨ੍ਹਾਂ ਨੇ **ਆਪਣੇ ਦੇਸ ਵਿਚ ਸੁਖ ਨਾਲ** ਰਹਿਣਾ ਸੀ। ਖੇਤੀਬਾੜੀ ਵਾਲੇ ਉਨ੍ਹਾਂ ਦੇ ਸਮਾਜ ਵਿਚ ਭਰਪੂਰ ਮੀਂਹ ਅਤੇ ਚੰਗਾ ਮੌਸਮ ਹੋਣ ਕਰਕੇ ਵਧੀਆ ਫ਼ਸਲਾਂ ਹੁੰਦੀਆਂ ਸਨ ਜਿਸ ਨਾਲ ਲੋਕ ਸੁੱਖ ਚੈਨ ਨਾਲ ਰਹਿ ਸਕਦੇ ਸਨ।

## 2. ਸ਼ਾਂਤੀ ਨਾਲ ਰਹਿਣਾ (26:6-8)

**[6]ਅਤੇ ਮੈਂ ਉਸ ਦੇਸ ਵਿੱਚ ਸੁਖ ਬਖਸ਼ਾਂਗਾ ਅਤੇ ਤੁਸੀਂ ਲੰਮੇ ਪਓਗੇ ਅਤੇ ਕੋਈ ਤੁਹਾਨੂੰ ਉਦਰਾਵੇਗਾ ਨਹੀ ਅਤੇ ਮੈਂ ਮਾੜੇ ਦਰਿੰਦੇ ਦੇ ਦੇਸ ਵਿੱਚੋਂ ਕੱਢਾਂਗਾ ਅਤੇ ਤਲਵਾਰ ਤੁਹਾਡੇ ਦੇਸ ਵਿੱਚੋਂ ਨਾ ਲੰਘੇਗੀ [7]ਅਤੇ ਤੁਸੀਂ ਆਪਣੇ ਵੈਰੀਆਂ ਨੂੰ ਭਜਾਓਗੇ ਅਤੇ ਉਹ ਤੁਹਾਡੇ ਅੱਗੇ ਤਲਵਾਰ ਨਾਲ ਡਿੱਗਣਗੇ [8]ਅਤੇ ਪੰਜ ਤੁਹਾਡੇ ਵਿੱਚੋਂ ਸੌ ਨੂੰ ਭਜਾਉਣਗੇ ਅਤੇ ਸੌ ਤੁਹਾਡੇ ਵਿੱਚੋਂ ਦੱਸ ਹਜਾਰ ਨੂੰ ਭਜਾਉਣਗੇ ਅਤੇ ਤੁਹਾਡੇ ਵੈਰੀ ਤੁਹਾਡੇ ਅੱਗੇ ਤਲਵਾਰ ਨਾਲ ਡਿੱਗਣਗੇ।**

**ਆਇਤਾਂ 6-8.** ਇਸ ਤੋਂ ਬਾਅਦ ਯਹੋਵਾਹ ਨੇ ਆਪਣੇ ਲੋਕਾਂ ਨਾਲ ਵਾਅਦਾ ਕੀਤਾ ਕਿ ਉਨ੍ਹਾਂ ਨੂੰ ਸ਼ਾਂਤੀ ਦੀ ਅਸੀਸ ਮਿਲੇਗੀ। ਉਨ੍ਹਾਂ ਨੇ ਆਪਣੇ ਦੇਸ਼ ਵਿਚ ਬਿਨਾਂ ਡਰ ਦੇ ਰਹਿ ਸਕਣਾ ਸੀ। ਕਿਵੇਂ? ਯਹੋਵਾਹ ਨੇ ਆਖਿਆ ਕਿ ਉਹਨੇ **ਮਾੜੇ ਦਰਿੰਦੇ ਦੇਸ ਵਿੱਚੋਂ ਕੱਢ** ਦੇਣੇ ਸਨ। ਉਦਾਹਰਣ ਲਈ ਦੇਸ਼ ਵਿਚ ਸ਼ੇਰਾਂ ਵੱਲੋਂ ਤਬਾਹੀ ਨਹੀਂ ਹੋਣੀ ਸੀ। ਨਾਲੇ ਉਹਨੇ ਵਾਅਦਾ ਕੀਤਾ ਕਿ **ਤਲਵਾਰ ਦੇਸ ਵਿੱਚੋਂ ਨਾ ਲੰਘੇਗੀ**, ਜੋ ਸਾਫ਼ ਤੌਰ ਤੇ ਇਹ ਦੱਸਦਾ ਹੈ ਕਿ ਕਿ ਲੋਕਾਂ ਨੂੰ ਜੰਗ ਦੀ ਤਲਵਾਰ ਨਾਲ ਕਿਸੇ ਖ਼ਤਰੇ ਜਾਂ ਜ਼ਖ਼ਮੀ ਹੋਣ ਦਾ ਡਰ ਨਹੀਂ ਹੋਣਾ ਸੀ (26:6)।

ਲੋਕਾਂ ਨੂੰ ਤਲਵਾਰ ਦਾ ਡਰ ਨਹੀਂ ਹੋਣਾ ਸੀ ਕਿਉਂ ਜੋ ਇਸਰਾਏਲ ਦਿਆਂ ਜੋਧਿਆਂ ਨੇ ਉਸ ਦੇ ਵਿਰੁੱਧ ਕਿਸੇ ਵੀ ਫੌਜ ਨੂੰ ਅਸਾਨੀ ਨਾਲ ਹਰਾ ਦੇਣਾ ਸੀ। ਇਸਰਾਏਲੀਆਂ ਨੇ **ਆਪਣੇ ਵੈਰੀਆਂ ਨੂੰ ਭਜਾ** ਦੇਣਾ ਸੀ ਅਤੇ ਉਨ੍ਹਾਂ ਨੇ ਉਨ੍ਹਾਂ **ਅੱਗੇ ਤਲਵਾਰ ਨਾਲ ਡਿੱਗ** ਪੈਣਾ ਸੀ (26:7)। ਅਸਲ ਵਿਚ ਇਸਰਾਏਲ ਦੇ **ਪੰਜ** ਬੰਦਿਆਂ ਨੇ ਦੁਸ਼ਮਣ ਦੇ **ਸੌ** ਨੂੰ ਅਤੇ **ਸੌ** ਇਸਰਾਏਲੀ ਯੋਧਿਆਂ ਨੇ ਦੁਸ਼ਮਣ ਦੇ **ਦਸ ਹਜ਼ਾਰ** ਸਿਪਾਹੀਆਂ ਨੂੰ ਹਰਾ ਸਕਣਾ ਸੀ (26:8)! ਖ਼ੁਦਾ ਨੇ ਇਸਰਾਏਲ ਨੂੰ ਜੰਗ ਵਿਚ ਅਸੀਸ ਦੇਣੀ ਸੀ ਤਾਂ ਜੋ ਕੋਈ ਉਨ੍ਹਾਂ ਅੱਗੇ ਖਲੋ ਨਾ ਸਕੇ। ਖ਼ੁਦਾ ਦੀ ਅਸੀਸ ਦਾ ਨਤੀਜਾ ਇਹ ਹੋਣਾ ਸੀ ਕਿ ਕੌਮ ਨੇ ਸ਼ਾਂਤੀ ਨਾਲ ਰਹਿ ਸਕਣਾ ਸੀ।

## 3. ਵੱਧਦੀ ਅਬਾਦੀ ਅਤੇ ਭੋਜਨ ਦੀ ਬਹੁਤਾਇਤ (26:9, 10)

**[9]ਮੈਂ ਤੁਹਾਡੀ ਵੱਲ ਧਿਆਨ ਕਰਾਂਗਾ ਅਤੇ ਤੁਹਾਨੂੰ ਫਲਾਵਾਂਗਾ ਅਤੇ ਤੁਹਾਨੂੰ ਵਧਾਵਾਂਗਾ ਅਤੇ ਤੁਹਾਡੇ ਨਾਲ ਆਪਣਾ ਨੇਮ ਕਾਇਮ ਰੱਖਾਂਗਾ [10]ਅਤੇ ਤੁਸੀਂ ਪੁਰਾਣਿਆਂ ਪਦਾਰਥਾਂ ਨੂੰ ਖਾਓਗੇ ਅਤੇ ਨਵੇਂ ਪਦਾਰਥ ਦੇ ਕਾਰਨ ਪੁਰਾਣਿਆਂ ਪਦਾਰਥਾਂ ਨੂੰ ਕੱਢੋਗੇ।**

**ਆਇਤਾਂ 9, 10.** ਯਹੋਵਾਹ ਨੇ ਆਪਣੇ ਲੋਕਾਂ ਨਾਲ ਇਹ ਵਾਅਦਾ ਵੀ ਕੀਤਾ ਕਿ ਜੇ ਉਹ ਉਸ ਦੇ ਹੁਕਮਾਂ ਨੂੰ ਮੰਨਦੇ ਹਨ ਤਾਂ ਉਹਨੇ ਉਨ੍ਹਾਂ ਨੂੰ ਫਲਵੰਤ ਹੋਣ ਅਤੇ ਭਰਪੂਰ ਭੋਜਨ ਦੀ ਅਸੀਸ ਦੇਣੀ ਸੀ। ਜਦ ਉਹਨੇ ਵਾਅਦਾ ਕੀਤਾ, **ਮੈਂ . . . ਤੁਹਾਨੂੰ ਫਲਾਵਾਂਗਾ ਅਤੇ ਤੁਹਾਨੂੰ ਵਧਾਵਾਂਗਾ** ਤਾਂ

ਇਸਰਾਏਲੀਆਂ ਨੂੰ ਯਕੀਨਨ ਸਦੀਆਂ ਪਹਿਲਾਂ ਅਬਰਾਹਾਮ ਨਾਲ ਕੀਤੇ ਗਏ ਉਹਦੇ ਵਾਅਦੇ ਚੇਤੇ ਆਏ ਹੋਣਗੇ (ਉਤਪਤ 12:2; 17:6; 22:17)। ਜੋ ਕੁਝ ਖ਼ੁਦਾ ਨੇ ਅਬਰਾਹਾਮ ਲਈ ਕੀਤਾ ਸੀ ਉਹੀ ਉਹਨੇ ਹੁਣ ਉਨ੍ਹਾਂ ਨਾਲ ਕਰਨ ਦਾ ਵਾਅਦਾ ਕੀਤਾ। ਇਹ ਬਰਕਤ ਉਸ **ਨੇਮ** ਦੇ ਮੁਤਾਬਿਕ ਸੀ ਜਿਹੜਾ ਉਹਨੇ ਇਸਰਾਏਲੀਆਂ ਨਾਲ ਬੰਨ੍ਹਿਆ ਸੀ।

ਇਸ ਵੱਧਦੀ ਅਬਾਦੀ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਖ਼ੁਦਾ ਨੇ ਵਾਅਦਾ ਕੀਤਾ ਕਿ ਉਨ੍ਹਾਂ ਪਿਛਲੇ ਸਾਲ ਦੀ ਫ਼ਸਲ (**ਪੁਰਾਣਿਆਂ**) ਪਦਾਰਥਾਂ ਵਿੱਚੋਂ **ਖਾ** ਸਕਣੀ ਸੀ ਅਤੇ ਉਸ ਭੋਜਨ ਦੇ **ਪਦਾਰਥਾਂ** ਦੇ ਖ਼ਤਮ ਹੋ ਜਾਣ ਤੋਂ ਪਹਿਲਾਂ ਇਸ ਨੂੰ ਨਵੀਂ ਫ਼ਸਲ (**ਨਵੇਂ**) ਲਈ ਜਗ੍ਹਾ ਬਨਾਉਣ ਵਾਸਤੇ ਪਾਸੇ ਕਰ ਦੇਣਾ ਸੀ।[3] ਖਾਣ ਲਈ ਹਮੇਸ਼ਾ ਵਾਧੂ ਹੋਣਾ ਸੀ।

### 4. ਪਰਮੇਸ਼ੁਰ ਦੀ ਹਜ਼ੂਰੀ (26:11-13)

**11ਅਤੇ ਮੈਂ ਆਪਣਾ ਡੇਹਰਾ ਤੁਹਾਡੇ ਵਿੱਚ ਵਿੱਚ ਖਲਿਆਰਾਂਗਾ ਅਤੇ ਮੇਰਾ ਜੀ ਤੁਹਾਨੂੰ ਮਾੜੇ ਨਾ ਸਮਝੇਗਾ 12ਅਤੇ ਮੈਂ ਤੁਹਾਡੇ ਨਾਲ ਹੀ ਤੁਰਾਂਗਾ ਅਤੇ ਤੁਹਾਡਾ ਪਰਮੇਸ਼ੁਰ ਬਣਾਂਗਾ ਅਤੇ ਤੁਸੀਂ ਮੇਰੇ ਲੋਕ ਬਣੋਗੇ 13ਮੈਂ ਉਹ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ ਜੋ ਤੁਹਾਨੂੰ ਮਿਸਰ ਦੇ ਦੇਸੋਂ ਕੱਢ ਲਿਆਇਆ ਜੋ ਤੁਸੀਂ ਉਨ੍ਹਾਂ ਦੇ ਦਾਸ ਨਾ ਰਹੋ ਅਤੇ ਮੈਂ ਤੁਹਾਡੇ ਧੌਣ ਦੇ ਜੂਲੇ ਨੂੰ ਭੰਨ ਕੇ ਤੁਹਾਨੂੰ ਸਿੱਧੇ ਕਰਕੇ ਤੋਰਿਆ।**

**ਆਇਤਾਂ 11-13.** ਅਖ਼ੀਰ ਵਿਚ ਯਹੋਵਾਹ ਨੇ ਵਾਅਦਾ ਕੀਤਾ ਕਿ ਜੇ ਇਸਰਾਏਲੀ ਉਸਦੇ ਹੁਕਮ ਨੂੰ ਮੰਨਦੇ ਤਾਂ ਉਹ ਨੇ ਆਪਣੇ ਲੋਕਾਂ ਦੇ ਵਿਚਕਾਰ ਵਾਸ ਕਰਨਾ ਸੀ। ਉਹਨੇ ਉਨ੍ਹਾਂ ਨੂੰ **ਮਾੜੇ**[4] ਨਹੀਂ ਜਾਣਨਾ ਸੀ ਬਲਕਿ ਉਨ੍ਹਾਂ ਦੇ **ਨਾਲ ਹੀ ਤੁਰ**ਨਾ ਸੀ। ਉਹਨੇ ਉਨ੍ਹਾਂ ਦਾ **ਪਰਮੇਸ਼ੁਰ** ਹੋਣਾ ਸੀ ਅਤੇ ਉਨ੍ਹਾਂ ਉਸ ਦੇ **ਲੋਕ** ਹੋਣਾ ਸੀ (26:11, 12)। ਖ਼ੁਦਾ ਵੱਲੋਂ ਕੀਤੇ ਜਾਣ ਵਾਲੇ ਵਾਅਦਿਆਂ ਵਿੱਚੋਂ ਇਹ ਆਖ਼ਰੀ ਅਸੀਸ ਸਭ ਤੋਂ ਵਧੀਆ ਸੀ ਕਿਉਂ ਜੋ ਉਹਨੇ ਇਸਰਾਏਲ ਦੇ ਨਾਲ ਰਹਿਣਾ ਸੀ! ਉਸ ਦੀ ਹਜ਼ੂਰੀ ਨਾਲ ਉਨ੍ਹਾਂ ਨੂੰ ਬਰਕਤ ਮਿਲਣੀ ਸੀ।

ਇਸਰਾਏਲ ਨੂੰ ਅਸੀਸ ਦੇਣ ਦੇ ਵਾਅਦੇ ਅਤੇ ਸਬੂਤ ਦੇ ਰੂਪ ਵਿਚ ਜੋ ਵਾਅਦਾ ਉਹਨੇ ਕੀਤਾ ਸੀ ਉਹਨੂੰ ਪੂਰਾ ਕਰਨ ਦੇ ਯੋਗ ਸੀ, ਖ਼ੁਦਾ ਨੇ ਯਾਦ ਦੁਆਇਆ ਕਿ ਉਹਨੇ ਪਹਿਲਾਂ ਕੀ ਕੀਤਾ ਸੀ। ਉਹਨੇ ਉਨ੍ਹਾਂ ਨੂੰ **ਮਿਸਰ** ਦੀ ਗੁਲਾਮੀ ਵਿੱਚੋਂ ਕੱਢਿਆ ਸੀ! ਪ੍ਰਤੀਕ ਵਜੋਂ ਕਹੀਏ ਤਾਂ ਉਨ੍ਹਾਂ ਨੂੰ ਮਿਸਰ ਵਿੱਚੋਂ ਕੱਢਦਿਆਂ ਖ਼ੁਦਾ ਨੇ ਗੁਲਾਮੀ ਦੇ ਉਸ **ਜੂਲੇ** ਨੂੰ **ਭੰਨ** ਸੁੱਟਿਆ ਸੀ ਜਿਹੜਾ ਮਿਸਰੀਆਂ ਨੇ ਇਸ ਕੌਮ ਦੀ ਧੌਣ ਤੇ ਰੱਖਿਆ ਹੋਇਆ ਸੀ। ਨਤੀਜਾ ਇਹ ਹੋਇਆ ਕਿ ਲੋਕ ਆਪਣੀ ਗੁਲਾਮੀ ਨਾਲ ਝੁਕੇ ਨਾ ਰਹਿ ਕੇ **ਸਿੱਧ** ਤੁਰ ਸਕਦੇ ਸਨ (26:13)। ਖ਼ੁਦਾ ਨੇ ਉਨ੍ਹਾਂ ਨੂੰ ਬੀਤੇ ਵਿਚ ਅਸੀਸ ਦਿੱਤੀ ਸੀ ਇਸ ਕਰਕੇ ਉਹ ਉਸ ਦੇ ਵਾਅਦਿਆਂ ਦੇ ਭਵਿੱਖ ਵਿਚ ਪੂਰਾ ਹੋਣ ਦੀ ਉਮੀਦ ਕਰ ਸਕਦੇ ਸਨ।

## ਸਰਾਪ (26:14-43)

26:14–39 ਦੇ ਸਬੰਧ ਵਿਚ ਮੈਥਿਊ ਹੈਨਰੀ ਨੇ ਲਿਖਿਆ ਹੈ, ''ਉਨ੍ਹਾਂ ਸਾਹਮਣੇ ਅਸੀਸਾਂ ਦੱਸ ਕੇ ਖ਼ੁਦਾ ਨੇ ਇੱਥੇ ਉਨ੍ਹਾਂ ਦੇ ਅੱਗੇ ਪਾਪ ਅਤੇ ਬੁਰਿਆਈ ਦਾ ਸਰਾਪ ਰੱਖ ਦਿੱਤਾ ਜਿਸ ਨੇ ਹੁਕਮ ਮੰਨਣ ਤੇ ਉਨ੍ਹਾਂ ਦੀ ਹਾਲਤ ਖ਼ਤਰਨਾਕ ਕਰ ਦੇਣੀ ਸੀ।''[5] ਹੁਕਮ ਨਾ ਮੰਨਣ ਨਾਲ ਜੁੜੇ ਸਰਾਪ ਪਹਿਲਾਂ ਅਸੀਸਾਂ ਦੇ ਵਾਅਦਿਆਂ ਨਾਲੋਂ ਕਿਤੇ ਵਧ ਕੇ ਹਨ; ਅਸੀਸਾਂ ਤਾਂ ਸਿਰਫ਼ ਗਿਆਰਾਂ ਆਇਤਾਂ ਵਿਚ ਮਿਲਦੀਆਂ ਹਨ ਪਰ ਸਰਾਪ ਛੱਬੀ ਆਇਤਾਂ ਵਿਚ ਦਿੱਤੇ ਗਏ ਹਨ (ਇਸ ਦੀ ਤੁਲਨਾ ਬਿਵਸਥਾ ਸਾਰ 28 ਨਾਲ ਕਰੋ)। ਸਰਾਪ ਪੰਜ ਪੰਜ ਕਰਕੇ ਸਲੀਕੇ ਨਾਲ ਤਰਤੀਬੱਧ ਕੀਤੇ ਗਏ ਹਨ।

ਲੋਕਾਂ ਨੂੰ ਦੱਸੇ ਗਏ ਸਰਾਪਾਂ ਦਾ ਹਰ ਸਮੂਹ ਆਪਣੇ ਤੋਂ ਪਿਛਲੇ ਸਮੂਹ ਨਾਲੋਂ ਮਾੜਾ ਹੁੰਦਾ

ਗਿਆ। ਉਹ ਲੋਕਾਂ ਨੂੰ ਗੁਲਾਮੀ ਵਿਚ ਭੇਜ ਦੇਣ, ਕੌਮ ਨੂੰ ਬਰਬਾਦ ਕਰ ਦੇਣ (ਜਾਂ ਕੌਮ ਨੂੰ ਉਸ ਦੇ ਦੇਸ਼ ਤੋਂ ਕੌਮ ਨੂੰ ਵੱਖ ਕਰ ਦੇਣ) ਜਾਂ ਦੇਸ਼ ਨੂੰ ਉਜਾੜ ਕਰ ਦੇਣ ਦੀ ਧਮਕੀ ਨਾਲ ਮੁੱਕੇ।

ਖ਼ੁਦਾ ਨੇ ਹਰ ਸਮੂਹ ਤੋਂ ਪਹਿਲਾਂ ''ਜੇ'' ਜੋੜਿਆ। ਪਹਿਲਾਂ ਇਕ ਅਰਥ ਵਿਚ ਉਹਨੇ ਸਿਰਫ਼ ਐਨਾ ਕਿਹਾ, ''ਜੇ ਤੁਸੀਂ ਮੇਰੇ ਹੁਕਮਾਂ ਨੂੰ ਤੋੜਦੇ ਹੋ, ਤਾਂ ਮੈਂ ਤੁਹਾਨੂੰ ਸਰਾਪ ਦਿਆਂਗਾ।'' ਬਾਕੀਆਂ ਦੀ ਸ਼ੁਰੂਆਤ ਉਹਨੇ ਇਸ ਵਿਚਾਰ ਨਾਲ ਕੀਤੀ: ''ਜੇ ਇਨ੍ਹਾਂ ਸਰਾਪਾਂ ਨਾਲ ਤੁਸੀਂ ਤੋਬਾ ਕਰਕੇ ਮੇਰੇ ਵੱਲ ਨਹੀਂ ਮੁੜਦੇ ਭਾਵ ਜੇ ਉਨ੍ਹਾਂ ਦੇ ਬਾਵਜੂਦ ਤੁਸੀਂ ਮੇਰੇ ਵਿਰੁੱਧ ਬਗ਼ਾਵਤ ਜਾਰੀ ਰੱਖਦੇ ਹੋ ਤਾਂ ਮੈਂ ਤੁਹਾਨੂੰ ਸੱਤ ਗੁਣੇ ਵੱਧ ਸਰਾਪਾਂ ਨਾਲ ਸਰਾਪ ਦਿਆਂਗਾ।''[6] ਇਸ ਤੋਂ ਬਾਅਦ ਯਹੋਵਾਹ ਨੇ ਸਾਫ਼ ਕੀਤਾ ਕਿ ਜੇ ਉਹ ਉਸ ਦੇ ਨਿਯਮਾਂ ਨੂੰ ਨਾ ਮੰਨਣਾ ਜਾਰੀ ਰੱਖਦੇ ਤਾਂ ਉਹਨੇ ਕੀ ਕਰਨਾ ਸੀ। ਅਖ਼ੀਰ ਵਿਚ ਖ਼ੁਦਾ ਨੇ ਆਖਿਆ ਕਿ ਜੇ ਚਾਰ ਤਰ੍ਹਾਂ ਦੇ ਸਰਾਪਾਂ ਸਹਿਣ ਤੋਂ ਬਾਅਦ ਲੋਕ ਉਹਦੇ ਵੱਲ ਵਾਪਸ ਨਹੀਂ ਆਉਂਦੇ ਤਾਂ ਉਹ ਕੌਮ ਨੂੰ ਬਰਬਾਦ ਕਰ ਦਵੇਗਾ।

ਬਣਤਰ ਨੂੰ ਸਮਝਣ ਤੇ ਪਾਠਕ ਨੂੰ ਇਹ ਸਮਝਣ ਵਿਚ ਮਦਦ ਮਿਲਦੀ ਹੈ ਕਿ ਦੱਸੇ ਗਏ ਸਰਾਪ ਸਿਰਫ਼ ਸਜ਼ਾਵਾਂ ਨਹੀਂ ਸਨ। ਸਰਾਪਾਂ ਨਾਲ ਲੋਕਾਂ ਨੂੰ ਹੁਕਮ ਨਾ ਮੰਨਣ ਕਰਕੇ ਸਜ਼ਾ ਤਾਂ ਮਿਲਣੀ ਸੀ ਪਰ ਉਨ੍ਹਾਂ ਦਾ ਮਕਸਦ ਲੋਕਾਂ ਨੂੰ ਤੋਬਾ ਲਈ ਪ੍ਰੇਰਣਾ ਸੀ! ਉਨ੍ਹਾਂ ਦਾ ਮਕਸਦ, ਜਿਵੇਂ ਕਿ ਨਵਾਂ ਨੇਮ ਦੱਸਦਾ ਹੈ, ਖ਼ੁਦਾ ਦੇ ਲੋਕਾਂ ਨੂੰ ਤਾੜਨਾ ਦੇਣਾ ਸੀ ਤਾਂ ਜੋ ਉਹ ਉਸ ਦੇ ਵੱਲ ਮੁੜ ਕੇ ਉਸ ਦੇ ਨਿਯਮਾਂ ਨੂੰ ਮੰਨਣ (ਵੇਖੋ ਇਬਰਾਨੀਆਂ 12:5−11)। ਬਾਰ−ਬਾਰ ਤਾੜਨਾ ਮਿਲਣ ਤੋਂ ਬਾਅਦ ਉਨ੍ਹਾਂ ਵੱਲੋਂ ਇਨਕਾਰ ਕੀਤੇ ਜਾਣ ਤੇ ਹੀ ਖ਼ੁਦਾ ਨੇ ਉਨ੍ਹਾਂ ਨੂੰ ਗੁਲਾਮੀ ਵਿਚ ਲਿਜਾਏ ਜਾਣ ਦੀ ਇਜਾਜ਼ਤ ਦੇਣੀ ਸੀ।

### 1. ਬੀਮਾਰੀ, ਫ਼ਸਲ ਦੀ ਖ਼ਰਾਬੀ ਅਤੇ ਹਾਰ (26:14-17)

**14 ਪਰ ਜੇ ਤੁਸੀਂ ਮੇਰੀ ਨਾ ਸੁਣੋਗੇ ਅਤੇ ਇਨ੍ਹਾਂ ਸਭਨਾਂ ਆਗਿਆਂ ਨੂੰ ਨਾ ਮੰਨੋਗੇ 15 ਅਤੇ ਜੇ ਤੁਸੀਂ ਮੇਰੀਆਂ ਬਿਧਾਂ ਨੂੰ ਤਿਆਗ ਦਿਓਗੇ ਯਾ ਜੇ ਤੁਹਾਡੇ ਜੀ ਨੂੰ ਮੇਰੇ ਨਿਆਉਂ ਮਾੜੇ ਲੱਗਣ, ਏਹੋ ਜੇਹੇ ਜੋ ਤੁਸੀਂ ਮੇਰੇ ਸਭਨਾਂ ਆਗਿਆਂ ਨੂੰ ਮੰਨੋ ਸਗੋਂ ਮੇਰੇ ਨੇਮ ਨੂੰ ਭੰਨ ਸੁੱਟੋ 16 ਮੈਂ ਭੀ ਤੁਹਾਡੇ ਨਾਲ ਇਹ ਕਰਾਂਗਾ, ਮੈਂ ਤੁਹਾਡੇ ਉੱਤੇ ਡਰ, ਖਈ ਰੋਗ ਅਤੇ ਤਾਪ ਜੋ ਤੁਹਾਡੀਆਂ ਅੱਖੀਆਂ ਦਾ ਨਾਸ ਕਰੇ ਅਤੇ ਤੁਹਾਡਿਆਂ ਰਿਦਿਆਂ ਨੂੰ ਦੁਖ ਦੇਵੇ ਠਹਿਰਾਵਾਂਗਾ ਅਤੇ ਤੁਸੀਂ ਆਪਣੇ ਬੀ ਬਿਅਰਥ ਬੀਜੋਗੇ ਕਿਉਂ ਜੋ ਤੁਹਾਡੇ ਵੈਰੀ ਉਸ ਨੂੰ ਖਾਣਗੇ 17 ਅਤੇ ਮੈਂ ਆਪਣਾ ਮੂੰਹ ਤੁਹਾਡੇ ਵਿਰੁੱਧ ਰੱਖਾਂਗਾ ਅਤੇ ਤੁਸੀਂ ਆਪਣੇ ਵੈਰੀਆਂ ਦੇ ਅੱਗੇ ਵੱਢੇ ਜਾਓਗੇ ਅਤੇ ਜਿਹੜੇ ਤੁਹਾਡੇ ਨਾਲ ਵੈਰ ਕਰਦੇ ਹਨ ਓਹ ਤੁਹਾਡੇ ਉੱਤੇ ਰਾਜ ਕਰਨਗੇ ਅਤੇ ਭਾਵੇਂ ਕੋਈ ਤੁਹਾਡੇ ਮਗਰ ਨਾ ਲੱਗੇ ਤਾਂ ਭੀ ਤੁਸੀਂ ਭੱਜੋਗੇ।**

ਯਹੋਵਾਹ ਨੇ ਉਨ੍ਹਾਂ ਕਾਰਣਾਂ ਬਾਰੇ ਦੱਸਦਿਆਂ ਜਿਨ੍ਹਾਂ ਕਰਕੇ ਉਨ੍ਹਾਂ ਨੇ ਆਪਣੇ ਲੋਕਾਂ ਨੂੰ ਸਰਾਪ ਦੇਣਾ ਸੀ ਸਰਾਪਾਂ ਬਾਰੇ ਦੱਸਣਾ ਸ਼ੁਰੂ ਕੀਤਾ। ਇਸ ਤੋਂ ਬਾਅਦ ਉਹਨੇ ਦੱਸਿਆ ਕਿ ਉਹਨੇ ਇਸਰਾਏਲੀਆਂ ਨੂੰ ਉਨ੍ਹਾਂ ਦੀ ਬੇਵਫ਼ਾਈ ਦੀ ਸਜ਼ਾ ਕਿਵੇਂ ਦੇਣੀ ਸੀ।

**ਆਇਤਾਂ 14, 15.** ਯਹੋਵਾਹ ਨੇ ਇਸ ਸੰਭਾਵਨਾ ਨੂੰ ਵੇਖਿਆ ਕਿ ਇਕ ਦਿਨ ਇਸਰਾਏਲੀ ਆਕੀ ਹੋ ਕੇ ਉਸ ਤੋਂ ਫਿਰ ਜਾਣਗੇ। ਉਨ੍ਹਾਂ ਨੇ ਉਸ ਦੀ **ਸੁਣ**ਨ ਤੋਂ ਇਨਕਾਰ ਕਰਨਾ ਸੀ; ਉਨ੍ਹਾਂ ਨੇ ਉਸ ਦੀਆਂ **ਆਗਿਆ** ਨੂੰ ਨਹੀਂ **ਮੰਨਣਾ** ਸੀ। ਉਨ੍ਹਾਂ ਉਸ ਦੀਆਂ **ਬਿਧਾਂ ਨੂੰ ਤਿਆਗ** ਦੇਣਾ ਸੀ, ਉਨ੍ਹਾਂ ਦੇ **ਜੀ** ਨੂੰ ਖ਼ੁਦਾ ਦੇ **ਨਿਆਉਂ ਮਾੜੇ** ਲੱਗਣੇ ਸਨ ਅਤੇ ਉਨ੍ਹਾਂ ਨੇ ਖ਼ੁਦਾ ਦੇ **ਨੇਮ ਨੂੰ ਭੰਨ** ਸੁੱਟਣਾ ਸੀ। ਉਨ੍ਹਾਂ ਦੇ ਪਾਪ ਗ਼ੈਰ−ਇਰਾਦਤਨ, ਇਤਫ਼ਾਕੀਆ ਜਾਂ ਕਦੇ ਕਦਾਈ ਨਹੀਂ ਹੋਣੇ ਸਨ। ਖ਼ੁਦਾ ਕੌਮ ਨੂੰ ਜਾਣ−ਬੁੱਝ ਕੇ ਹੁਕਮ ਤੋੜਨ ਲਈ ਧਮਕਾ ਰਿਹਾ ਸੀ।

**ਆਇਤਾਂ 16, 17.** ਜੇ ਲੋਕ ਖ਼ੁਦਾ ਅਤੇ ਉਸ ਦੇ ਵਚਨ ਨੂੰ ਰੱਦਦੇ ਤਾਂ ਖ਼ੁਦਾ ਨੇ ਉਨ੍ਹਾਂ ਨੂੰ ਸਜ਼ਾ ਜਾਂ

ਸਰਾਪ ਦੇਣਾ ਸੀ। ਉਸ ਨੇ ਉਨ੍ਹਾਂ ਨੂੰ **ਕਈ ਰੋਗ ਅਤੇ ਤਾਪ** ਵਰਗੀ ਬਿਮਾਰੀ ਲਾ ਦੇਣੀ ਸੀ ਜਿਸ ਨਾਲ ਉਨ੍ਹਾਂ ਦੇ ਸਰੀਰਾਂ ਦਾ **ਨਾਸ** ਹੋਣਾ ਸੀ ਅਤੇ ਉਨ੍ਹਾਂ ਦੇ **ਰਿਦਿਆਂ** ਵਿਚ ਜੀਣ ਦੀ ਇੱਛਾ ਨਹੀਂ ਰਹਿਣੀ ਸੀ।

ਇਸ ਤੋਂ ਇਲਾਵਾ ਉਨ੍ਹਾਂ ਨੇ ਉਨ੍ਹਾਂ ਨੂੰ ਹਾਰਨ ਦੇਣਾ ਸੀ। ਇਸਰਾਏਲੀਆਂ ਨੇ ਫ਼ਸਲਾਂ ਲਾਉਣੀਆਂ ਸਨ ਪਰ ਉਨ੍ਹਾਂ ਦੇ **ਵੈਰੀ**ਆਂ ਨੇ ਉਨ੍ਹਾਂ ਨੂੰ **ਖਾ** ਜਾਣਾ ਸੀ। ਇਨ੍ਹਾਂ **ਵੈਰੀਆਂ** ਨੇ ਇਸਰਾਏਲੀਆਂ ਨੂੰ ਵੱਢ ਸੁੱਟਣਾ ਸੀ ਅਤੇ ਉਨ੍ਹਾਂ **ਉੱਤੇ ਰਾਜ** ਕਰਨਾ ਸੀ। ਖ਼ੁਦਾ ਦੇ ਲੋਕਾਂ ਦੀ ਦਲੇਰੀ ਹਵਾ ਹੋ ਜਾਣੀ ਸੀ ਅਤੇ ਉਨ੍ਹਾਂ ਐਨੇ ਡਰ ਜਾਣਾ ਸੀ ਕਿ ਉਨ੍ਹਾਂ ਨੇ ਕਿਸੇ ਵੱਲੋਂ ਉਨ੍ਹਾਂ ਦਾ ਪਿੱਛਾ ਨਾ ਕਰਨ ਤੇ ਹੀ **ਭੱਜ** ਪੈਣਾ ਸੀ! ਆਪਣੇ ਵਿਰੋਧੀਆਂ ਵੱਲੋਂ ਮਿਲੀ ਹਾਰ ਤੋਂ ਬਾਅਦ ਉਨ੍ਹਾਂ ਨੂੰ ਯਹੋਵਾਹ ਵੱਲੋਂ ਬੀਮਾਰੀਆਂ ਮਿਲਣੀਆਂ ਸਨ।

## 2. **ਸੋਕਾ ਅਤੇ ਇਸ ਦੇ ਨਤੀਜੇ** (26: 18-20)

**[18]ਅਤੇ ਜੇ ਤੁਸੀਂ ਇਸ ਸਭ ਕਰਕੇ ਮੇਰੀ ਵੱਲ ਧਿਆਨ ਨਾ ਕਰੋ ਤਾਂ ਮੈਂ ਤੁਹਾਡੇ ਪਾਪਾਂ ਦੇ ਕਾਰਨ ਤੁਹਾਨੂੰ ਸੱਤ ਗੁਣਾ ਹੋਰ ਦੰਡ ਦੇਵਾਂਗਾ। [19]ਅਤੇ ਮੈਂ ਤੁਹਾਡੀ ਜੋਰਾਵਰੀ ਦਾ ਅਹੰਕਾਰ ਤੋੜਾਂਗਾ ਅਤੇ ਮੈਂ ਤੁਹਾਡਾ ਅਕਾਸ਼ ਲੋਹੇ ਵਰਗਾ ਅਤੇ ਤੁਹਾਡੀ ਧਰਤੀ ਪਿੱਤਲ ਵਰਗੀ ਬਣਾਵਾਂਗਾ [20]ਅਤੇ ਤੁਹਾਡਾ ਜੋਰ ਐਵੇਂ ਜਾਏਗਾ ਕਿਉਂ ਜੋ ਤੁਹਾਡੀ ਧਰਤੀ ਹਾੜੀ ਨਾ ਉਗਾਵੇਗੀ ਅਤੇ ਧਰਤੀ ਦੇ ਬਿਰਛ ਭੀ ਫਲ ਨਾ ਉਗਾਉਣਗੇ।**

ਇਹ ਮੰਨਦਿਆਂ ਕਿ ਉਹ ਦੂਜੀ ਵਾਰ ਫੇਰ ਉਸ ਤੋਂ ਮੁੜ ਜਾਣਗੇ ਖ਼ੁਦਾ ਨੇ ਆਪਣੇ ਲੋਕਾਂ ਨੂੰ ਧਮਕਾਉਣਾ ਜ਼ਾਰੀ ਰੱਖਿਆ।

**ਆਇਤ 18.** ਇਹ ਆਖ ਕੇ ਕਿ **ਜੇ ਤੁਸੀਂ ਇਸ ਸਭ ਕਰਕੇ ਮੇਰੀ ਵੱਲ ਧਿਆਨ ਨਾ ਕਰੋ** ਯਹੋਵਾਹ ਨੇ ਸੰਕੇਤ ਦਿੱਤਾ ਕਿ ਇਸਰਾਏਲ ਨੂੰ ਸਜ਼ਾ ਦੇਣ ਦੀ ਉਸ ਦੀ ਮੁੱਢਲੀ ਧਮਕੀ ਆਪਣੇ ਲੋਕਾਂ ਨੂੰ ਹੁਕਮ ਤੋੜਨ ਤੋਂ ਹੁਕਮ ਨੂੰ ਮੰਨਣ ਵੱਲ ਦੇ ਇਰਾਦੇ ਨਾਲ ਸੀ। ਜੇ ਆਪਣੇ ਲੋਕਾਂ ਨੂੰ ਆਪਣੇ ਵੱਲ ਵਾਪਸ ਮੋੜਨ ਦੀ ਉਸ ਦੀ ਯੋਜਨਾ ਕੰਮ ਨਾ ਕਰਦੀ ਅਤੇ ਜੇ ਉਹ ਉਸ ਦਾ ਹੁਕਮ ਤੋੜਨਾ ਜ਼ਾਰੀ ਰੱਖਦੇ ਤਾਂ ਨਤੀਜੇ ਖ਼ਤਰਨਾਕ ਹੋਣੇ ਸਨ। ਉਹਨੇ ਉਨ੍ਹਾਂ ਨੂੰ ਉਨ੍ਹਾਂ ਦੇ **ਪਾਪਾਂ** ਤੋਂ **ਸੱਤ ਗੁਣਾ ਹੋਰ** ਸਜ਼ਾ ਦੇਣੀ ਸੀ। ਦੂਜੇ ਸ਼ਬਦਾਂ ਵਿਚ ਸਰਾਪਾਂ ਦੀ ਦੂਜੀ ਲੜੀ ਪਹਿਲੇ ਸਰਾਪ ਨਾਲੋਂ ਸੱਤ ਗੁਣਾ ਵੱਧ ਤਕਲੀਫ਼ਦੇਹ ਹੋਣੀ ਸੀ।

**ਆਇਤਾਂ 19, 20.** ਇਸ ਸੈੱਟ ਵਿਚ ਪਹਿਲਾ ਸਰਾਪ ਜਿਹੜਾ ਅਸੀਂ ਪੜ੍ਹਦੇ ਹਾਂ ਉਹ ਖ਼ੁਦਾ ਦੀ ਇਸਰਾਏਲੀਆਂ ਦੀ **ਜ਼ੋਰਾਵਰੀ ਦਾ ਹੰਕਾਰ ਤੋੜ** ਦੇਣ ਦੀ ਧਮਕੀ ਹੈ। ਖ਼ੁਦਾ ਨੇ ਲੋਕਾਂ ਨੂੰ ਕਮਜ਼ੋਰ ਕਰਕੇ ਇਸਰਾਏਲੀਆਂ ਨੂੰ ਹਲੀਮ ਕਰਨਾ ਸੀ। ਹੋ ਸਕਦਾ ਹੈ ਕਿ ਉਨ੍ਹਾਂ ਨੂੰ ਕਮਜ਼ੋਰੀ ਕਰਨਾ ਅੱਗੇ ਦੱਸੇ ਗਏ ਸੋਕੇ ਕਰਕੇ ਹੋਣਾ ਸੀ।

ਸਪੱਸ਼ਟ ਭਾਸ਼ਾ ਦੀ ਵਰਤੋਂ ਕਰਦਿਆਂ ਫੇਰ ਖ਼ੁਦਾ ਨੇ ਆਪਣੇ ਲੋਕਾਂ ਨੂੰ ਭਿਆਨਕ ਸੋਕੇ ਨਾਲ ਧਮਕਾਇਆ। ਅਜਿਹੇ ਸੋਕੇ ਨਾਲ ਜਿਹੜਾ ਐਨਾ ਸਖ਼ਤ ਸੀ ਕਿ ਲੱਗਣਾ ਸੀ ਕਿ **ਅਕਾਸ਼ ਲੋਹੇ** ਦਾ ਬਣਿਆ ਹੈ ਅਤੇ **ਧਰਤੀ ਪਿੱਤਲ** ਦੀ। ਅਜਿਹੇ ਸੋਕੇ ਵਿਚ ਜ਼ਮੀਨ ਉੱਤੇ ਕੰਮ ਕਰਨ ਵਾਲਿਆਂ ਦਾ **ਜ਼ੋਰ ਐਵੇਂ** ਜਾਣਾ ਸੀ। **ਧਰਤੀ** ਨੇ ਕੋਈ ਫ਼ਸਲ ਨਹੀਂ **ਉਗਾਉਣੀ** ਸੀ ਅਤੇ **ਬਿਰਛਾਂ** ਨੇ ਵੀ ਕੋਈ **ਫਲ** ਨਹੀਂ ਦੇਣਾ ਸੀ। ਇਸ ਹਵਾਲੇ ਵਿਚ ਸੋਕੇ ਦੀ ਮਨੁੱਖੀ ਮਿਹਨਤ ਦਾ ਜ਼ਿਕਰ ਨਹੀਂ ਹੈ ਪਰ ਇਸ ਦੇ ਨਤੀਜੇ ਪਾਠਕਾਂ ਨੂੰ ਸਾਫ਼ ਨਜ਼ਰ ਆਉਣੇ ਸਨ। ਖਾਣ ਨੂੰ ਥੋੜ੍ਹਾ ਬਹੁਤ ਜਾਂ ਬਿਲਕੁਲ ਨਾ ਹੋਣ ਤੇ ਕੌਮ ਕੋਲ ਘਮੰਡ ਕਰਨ ਦਾ ਕੋਈ ਕਾਰਣ ਨਹੀਂ ਰਹਿਣਾ ਸੀ। ਇਸ ਸਰਾਪ ਨਾਲ ਇਸਰਾਏਲ ਨੂੰ ਸਮਝ ਆ ਗਿਆ ਹੋਵੇਗਾ ਕਿ ਖ਼ੁਦਾ ਦੇ ਨਿਯਮਾਂ ਨੂੰ ਨਾ ਮੰਨਣਾ ਖ਼ਤਰਨਾਕ ਗੱਲ ਹੈ।

3. ਜੰਗਲੀ ਜਾਨਵਰਾਂ ਦੀ ਬਵਾ (26:21, 22)

**[21]ਅਤੇ ਜੇ ਤੁਸੀਂ ਮੇਰੇ ਵਿਰੁੱਧ ਵਿੱਚ ਤੁਰੋ ਅਤੇ ਮੇਰੀ ਵੱਲ ਧਿਆਨ ਨਾ ਕਰੋ ਤਾਂ ਮੈਂ ਤੁਹਾਡੇ ਪਾਪਾਂ ਦੇ ਅਨੁਸਾਰ ਤੁਹਾਡੇ ਉੱਤੇ ਸੱਤ ਗੁਣਾ ਹੋਰ ਬਵਾ ਪਾਵਾਂਗਾ [22]ਮੈਂ ਜੰਗਲੀ ਜਾਨਵਰ ਵੀ ਤੁਹਾਡੇ ਵੱਲ ਘੱਲਾਂਗਾ ਜੋ ਤੁਹਾਡਿਆਂ ਬੱਚਿਆਂ ਨੂੰ ਖੋਹ ਲੈਣ ਅਤੇ ਤੁਹਾਡਿਆਂ ਡੰਗਰਾਂ ਦਾ ਨਾਸ ਕਰਨ ਅਤੇ ਤੁਹਾਨੂੰ ਘਟਾਉਣ ਅਤੇ ਤੁਹਾਡੀਆਂ ਪੱਕੀਆਂ ਸੜਕਾਂ ਵੇਹਲੀਆਂ ਰਹਿਣਗੀਆਂ।**

ਦੋ ਸਰਾਪਾਂ ਤੋਂ ਬਾਅਦ ਇਸਰਾਏਲੀਆਂ ਦੇ ਤੋਬਾ ਨਾ ਕਰਨ ਤੇ ਖ਼ੁਦਾ ਨੇ ਇਕ ਤੀਜੀ ਧਮਕੀ ਦੇ ਦਿੱਤੀ।

**ਆਇਤ 21.** ਖ਼ੁਦਾ ਨੇ ਆਖਿਆ ਕਿ ਜੇ ਲੋਕਾਂ ਉੱਤੇ ਉਸ ਵੱਲੋਂ ਘੱਲੀਆਂ ਜਾਣ ਵਾਲੀਆਂ ਤਬਾਹੀਆਂ ਦੇ ਬਾਵਜੂਦ ਉਹ ਬਗ਼ਾਵਤ ਜਾਰੀ ਰੱਖਦੇ ਭਾਵ ਉਸ ਦੇ **ਵਿਰੁੱਧ ਵਿਚ ਤੁਰਦੇ** ਤਾਂ ਉਹਨੇ ਇਸਰਾਏਲੀਆਂ ਉੱਤੇ **ਸੱਤ ਗੁਣਾ ਹੋਰ ਬਵਾ** ਪਾਉਣੀ ਸੀ। ''ਬਵਾ'' ਸ਼ਬਦ ਸੰਭਵ ਤੌਰ ਤੇ ਉਨ੍ਹਾਂ ਸਾਰੀਆਂ ਬਿਪਤਾਵਾਂ ਲਈ ਹੈ ਜਿਨ੍ਹਾਂ ਨਾਲ ਖ਼ੁਦਾ ਨੇ ਸਰਾਪਾਂ ਦੇ ਪਹਿਲੇ ਦੋ ਸਮੂਹਾਂ ਨਾਲ ਮੇਲ ਖਾਂਦਿਆਂ ਇਸ ਵਾਰ ਉਨ੍ਹਾਂ ਨੂੰ ਸ਼ਜਾ ਦੇਣੀ ਸੀ। ਫੇਰ ਜ਼ੋਰ ਇਸ ਗੱਲ ਉੱਤੇ ਲਗਦਾ ਹੈ ਕਿ ਖ਼ੁਦਾ ਨੇ ਇਸ ਵਾਰ ਉਨ੍ਹਾਂ ਦੀ ਉਸ ਨਾਲੋਂ ਜੋ ਉਹਨੇ ਪਹਿਲਾਂ ਕੀਤਾ ਸੀ ''ਸੱਤ ਗੁਣਾ'' ਵੱਧ ਮਾੜੀ ਹਾਲਤ ਕਰਨੀ ਸੀ।

**ਆਇਤ 22.** ਯਹੋਵਾਹ ਨੇ ਧਮਕੀ ਦਿੱਤੀ ਕਿ ਮੈਂ **ਜੰਗਲੀ ਜਾਨਵਰ** ਉਨ੍ਹਾਂ **ਵੱਲ ਘੱਲ**ਾਂਗਾ।[7] ਇਨ੍ਹਾਂ ਜਾਨਵਰਾਂ ਨੇ ਉਨ੍ਹਾਂ ਦੇ **ਬੱਚਿਆਂ** ਨੂੰ ਖੋਹ **ਲੈਣਾ** ਸੀ; ਉਨ੍ਹਾਂ ਨੇ ਬੱਚਿਆਂ ਉੱਤੇ ਹਮਲੇ ਕਰਕੇ ਉਨ੍ਹਾਂ ਨੂੰ ਮਾਰ ਸੁੱਟਣਾ ਸੀ ਜਿਸ ਨਾਲ ਉਨ੍ਹਾਂ ਦੀ ਅਬਾਦੀ ਘਟ ਜਾਣੀ ਸੀ। ਅਸਲ ਵਿਚ ਐਨੇ ਕੁ ਮਰ ਜਾਣੇ ਸਨ ਕਿ **ਪੱਕੀਆਂ ਸੜਕਾਂ ਵੇਹਲੀਆਂ** ਹੋ ਜਾਣੀਆਂ ਸਨ। ਸਾਫ਼ ਹੈ ਕਿ ਇਹ ਧਮਕੀ ਖ਼ੁਦਾ ਦੇ ਆਪਣੇ ਲੋਕਾਂ ਨੂੰ ਵਧਾਉਣ ਦੇ ਵਾਅਦੇ ਦਾ ਉਲਟ ਸੀ। ਇਸ ਵਿਚ ਇਹ ਵਿਚਾਰ ਮਿਲਦਾ ਹੈ ਕਿ ਖ਼ੁਦਾ ਨੇ ਜੋ ਵੀ ਵਾਅਦਾ ਕੀਤਾ ਸੀ ਜੇ ਉਹ ਉਹੀ ਨਾ ਮੰਨਦੇ ਤਾਂ ਉਸ ਦਾ ਹੁਕਮ ਨਾ ਮੰਨੇ ਜਾਣ ਤੇ ਉਸ ਦਾ ਉਲਟ ਕਰਨਾ ਸੀ।

4. ਜੰਗ, ਵਬਾ ਅਤੇ ਭੁੱਖ (26:23-26)

**[23]ਅਤੇ ਜੇ ਤੁਸੀਂ ਇਨ੍ਹਾਂ ਗੱਲਾਂ ਕਰਕੇ ਮੇਰੇ ਕੋਲੋਂ ਤਾੜੇ ਨਾ ਜੀਓਗੇ ਪਰ ਮੇਰੇ ਵਿਰੋਧ ਵਿੱਚ ਤੁਰੋਗੇ [24]ਤਾਂ ਮੈਂ ਭੀ ਤੁਹਾਡੇ ਵਿਰੋਧ ਵਿੱਚ ਤੁਰਾਂਗਾ ਅਤੇ ਤੁਹਾਡੇ ਪਾਪਾਂ ਦੇ ਕਾਰਨ ਸੱਤ ਗੁਣਾ ਹੋਰ ਭੀ ਦੰਡ ਦੇਵਾਂਗਾ [25]ਅਤੇ ਮੈਂ ਤੁਹਾਡੇ ਉੱਤੇ ਤਲਵਾਰ ਚਲਾਵਾਂਗਾ ਜਿਹੜੀ ਮੇਰੇ ਨੇਮ ਦਾ ਬਦਲਾ ਲਵੇ ਅਤੇ ਜਿਸ ਵੇਲੇ ਤੁਸੀਂ ਆਪਣਿਆਂ ਸ਼ਹਿਰਾਂ ਵਿੱਚ ਇਕੱਠੇ ਹੋ ਜਾਓ ਤਾਂ ਮੈਂ ਤੁਹਾਡੇ ਵਿੱਚ ਬਵਾ ਘੱਲਾਂਗਾ ਅਤੇ ਤੁਸੀਂ ਵੈਰੀ ਦੇ ਹੱਥ ਵਿੱਚ ਸੌਂਪੇ ਜਾਓਗੇ [26]ਅਤੇ ਜਿਸ ਵੇਲੇ ਮੈਂ ਤੁਹਾਡੀ ਰੋਟੀ ਦਾ ਢਾਸਣਾ ਢਾਹ ਸੁੱਟਿਆ ਤਾਂ ਦਸ ਤੀਵੀਆਂ ਤੁਹਾਡੀਆਂ ਰੋਟੀਆਂ ਇੱਕੇ ਤੰਦੂਰ ਵਿੱਚ ਪਕਾਉਣਗੀਆਂ ਅਤੇ ਤੁਹਾਨੂੰ ਤੁਹਾਡੀ ਆਪਣੀ ਰੋਟੀ ਤੋਲਕੇ ਦੇਣਗੀਆਂ ਅਤੇ ਤੁਸੀਂ ਖਾਓਗੇ ਪਰ ਰੱਜੋਗੇ ਨਹੀਂ।**

ਖ਼ੁਦਾ ਨੇ ਆਖਿਆ ਕਿ ਜੇ ਤੀਜੀ ਧਮਕੀ ਦੇ ਪੂਰਾ ਹੋਣ ਨਾਲ ਉਹਦੇ ਲੋਕਾਂ ਨੂੰ ਤੋਬਾ ਕਰਨ ਦੀ ਪ੍ਰੇਰਣਾ ਨਾ ਮਿਲਦੀ ਤਾਂ ਉਹਨੇ ਇਸ ਨਾਲੋਂ ਵੀ ਖ਼ਤਰਨਾਕ ਸਰਾਪ ਭੇਜਣੇ ਸਨ।

**ਆਇਤਾਂ 23, 24.** ਯਹੋਵਾਹ ਨੇ ਦੁਹਰਾਇਆ ਕਿ ਇਸ ਅਧਿਆਇ ਵਿਚ ਜਿਨ੍ਹਾਂ ਸਰਾਪਾਂ ਦੀ ਧਮਕੀ ਦਿੱਤੀ ਗਈ ਉਨ੍ਹਾਂ ਦਾ ਮਕਸਦ ਲੋਕਾਂ ਨੂੰ ਉਸ ਵੱਲ ਮੋੜਨ ਜਾਂ ਤੋਬਾ ਕਰਨ ਲਈ ਪ੍ਰੇਰਣਾ ਸੀ। ਉਹਨੇ ਆਖਿਆ ਕਿ ਇਨ੍ਹਾਂ ਸਜ਼ਾਵਾਂ ਨਾਲ ਹਮੇਸ਼ਾ ਲੋੜੀਂਦਾ ਅਸਰ ਨਹੀਂ ਹੋਣਾ ਸੀ। ਜੇ ਨਾ ਹੁੰਦਾ

ਤਾਂ ਫਿਰ ਕੀ ਹੋਣਾ ਸੀ? ਖ਼ੁਦਾ ਨੇ ਲੋਕਾਂ ਨੂੰ ਹੋਰ ਸਜ਼ਾਵਾਂ ਦੇ ਕੇ ਆਪਣੇ ਵੱਲ ਮੋੜਨ ਦੀ ਫੇਰ ਤੋਂ ਕੋਸ਼ਿਸ਼ ਕਰਨੀ ਸੀ।

ਖ਼ੁਦਾ ਨੇ ਇਸਰਾਏਲੀਆਂ ਦੇ ਬਾਰ-ਬਾਰ ਹੁਕਮ ਤੋੜਨ ਨੂੰ ਉਸ ਦੇ ਪ੍ਰਤੀ **ਵਿਰੋਧ** ਦੱਸਿਆ। ਇਸ ਦਾ ਮਤਲਬ ਇਹ ਹੈ ਕਿ ਉਹ ਸਿਰਫ਼ ਗ਼ਲਤੀ ਕਰਨ ਵਾਲੇ ਸੰਤ ਜਾਂ ਭਟਕੀਆਂ ਹੋਈਆਂ ਭੇਡਾਂ ਹੀ ਨਹੀਂ ਸਨ ਬਲਕਿ ਉਹ ਖ਼ੁਦਾ ਦੇ ਦੁਸ਼ਮਣਾਂ ਦੇ ਰੂਪ ਵਿਚ ਕੰਮ ਕਰ ਰਹੇ ਸਨ। ਖ਼ੁਦਾ ਦੀ ਤਾੜਨਾ ਦੇ ਬਾਵਜੂਦ, ਤੋਬਾ ਨਾ ਕਰਨ ਨਾਲ ਖ਼ੁਦਾ ਦੇ ਲੋਕਾਂ ਨੇ ਨਾ ਸਿਰਫ਼ ਬੇਵਫ਼ਾ ਦੋਸਤ ਬਲਕਿ ਯਹੋਵਾਹ ਦੇ ਸਰਗਰਮ ਵੈਰੀ ਬਣ ਜਾਣਾ ਸੀ। ਜੇ ਉਹ ਖ਼ੁਦਾ ਦੇ ਵਿਰੋਧ ਵਿਚ ਕੰਮ ਕਰਦੇ ਤਾਂ ਉਹਨੇ ਉਨ੍ਹਾਂ ਦੇ **ਵਿਰੋਧ ਵਿਚ ਕੰਮ** ਕਰਨਾ ਸੀ।

ਉਨ੍ਹਾਂ ਦੇ ਪਾਪਾਂ ਅਤੇ ਉਨ੍ਹਾਂ ਵੱਲੋਂ ਤੋਬਾ ਨਾ ਕਰ ਸਕਣ ਲਈ ਆਪਣੀ ਨਾਰਾਜ਼ਗੀ ਜ਼ਾਹਿਰ ਕਰਨ ਲਈ ਖ਼ੁਦਾ ਨੇ ਕੀ ਕਰਨਾ ਸੀ? ਯਹੋਵਾਹ ਨੇ ਆਖਿਆ ਕਿ ਉਹਨੇ ਆਪ ਉਨ੍ਹਾਂ ਦੇ **ਪਾਪਾਂ ਦੇ ਕਾਰਣ** ਉਨ੍ਹਾਂ ਨੂੰ **ਸੱਤ ਗੁਣਾ ਦੰਡ** ਦੇਣਾ ਸੀ। ਉਹਨੇ ਉਨ੍ਹਾਂ ਨੂੰ ਉਨ੍ਹਾਂ ਸਰਾਪਾਂ ਨਾਲੋਂ ਵੀ ਜਿਹੜੇ ਉਨ੍ਹਾਂ ਪਹਿਲਾਂ ਝੱਲੇ ਸਨ ''ਸੱਤ ਗੁਣਾ'' ਵੱਧ ਸਜ਼ਾ ਦੇਣੀ ਸੀ। ਇਨ੍ਹਾਂ ਆਇਤਾਂ ਦੇ ਸਬੰਧ ਵਿਚ ਰੌਏ ਗੇਨ ਨੇ ਟਿੱਪਣੀ ਕੀਤੀ ਹੈ, ''ਯਕੀਨਨ ਹੁਣ ਤਕ ਲੋਕ ਆਪਣੀ ਆਤਮਘਾਤੀ ਬਗ਼ਾਵਤ ਤੇ ਰੋਕ ਲਈ ਆਖਣਗੇ! ਜੇ ਉਹ ਨਹੀਂ ਆਖਦੇ, ਤਾਂ ਆਫ਼ਤ ਦੀ ਅੱਗ ਤਾਂ ਮਘ ਹੀ ਰਹੀ ਹੈ।''[8]

**ਆਇਤ 25.** ਖ਼ੁਦਾ ਨੇ ਇਸਰਾਏਲੀਆਂ ਦੇ ਪ੍ਰਤੀ ਆਪਣੇ ''ਵਿਰੋਧ'' ਨੂੰ ਉਸ ਕੌਮ ਦੇ ਖ਼ਿਲਾਫ਼ ਫੌਜ ਘੱਲ ਕੇ ਵਿਖਾਉਣਾ ਸੀ। ਫੌਜ ਨੇ ਇਸਰਾਏਲੀਆਂ ਨੂੰ ਨੇਮ ਦੀਆਂ ਸ਼ਰਤਾਂ ਦੇ ਮੁਤਾਬਿਕ ਨਾ ਰਹਿਣ ਕਰਕੇ ਸਜ਼ਾ ਦੇਣ ਲਈ **ਨੇਮ ਦਾ ਬਦਲਾ** ਲੈਣ ਲਈ ਉਸ ਦੀ **ਤਲਵਾਰ** ਬਣਨਾ ਸੀ।

ਸਾਫ਼ ਹੈ ਕਿ ਦੁਸ਼ਮਣ ਫੌਜਾਂ ਵੱਲੋਂ ਹਮਲਾ ਕੀਤੇ ਜਾਣ ਤੇ ਲੋਕਾਂ ਨੇ ਆਪਣੀ ਚਾਰਦੀਵਾਰੀ ਵਾਲੇ **ਸ਼ਹਿਰਾਂ** ਵਿਚ ਸੁਰੱਖਿਆ ਲਈ ਇਕੱਠੇ ਹੋਣਾ ਸੀ ਪਰ ਉਨ੍ਹਾਂ ਦੇ ਸ਼ਹਿਰ ਉਨ੍ਹਾਂ ਨੂੰ ਖ਼ੁਦਾ ਦੇ ਬਦਲੇ ਤੋਂ ਬਚਾ ਨਹੀਂ ਸਕਦੇ ਸਨ। ਖੁੱਲ੍ਹੇ ਵਿਚ ਉਨ੍ਹਾਂ ਉੱਤੇ ਹਮਲਾ ਕਰਨ ਲਈ ਫੌਜਾਂ ਭੇਜਣ ਤੋਂ ਬਾਅਦ ਖ਼ੁਦਾ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਸ਼ਹਿਰਾਂ ਦੇ ਅੰਦਰ ਮਾਰ ਸੁਟਣ ਲਈ **ਬਵਾ** ਘੱਲ ਦੇਣੀ ਸੀ। ਬਵਾ ਤੋਂ ਬਚਣ ਲਈ ਲੋਕਾਂ ਨੇ ਸ਼ਹਿਰਾਂ ਤੋਂ ਭੱਜਣਾ ਸੀ ਅਤੇ ਅਖ਼ੀਰ ਆਪਣੇ ਦੁਸ਼ਮਣਾਂ ਦੇ **ਹੱਥ** ਆ ਜਾਣਾ ਸੀ।

**ਆਇਤ 26.** ਆਪਣੇ ਲੋਕਾਂ ਨੂੰ ਤੋਬਾ ਕਰਨ ਲਈ ਮੋੜਨ ਵਾਸਤੇ ''ਤਲਵਾਰ'' ਅਤੇ ''ਬਵਾ'' ਦੀ ਵਰਤੋਂ ਕਰਨ ਤੋਂ ਇਲਾਵਾ, ਖ਼ੁਦਾ ਨੇ ਇਨ੍ਹਾਂ ਸਰਾਪਾਂ ਵਿਚ ਬੇਹੱਦ ਭੁੱਖ ਨੂੰ ਵੀ ਜੋੜ ਦਿੱਤਾ। ਉਹਨੇ ਆਖਿਆ ਕਿ ਉਹਨੇ ਉਨ੍ਹਾਂ ਦੀ **ਰੋਟੀ ਦਾ ਢਾਸਣਾ ਢਾਹ** ਦੇਣਾ ਸੀ। ''ਰੋਟੀ'' ਸਭ ਤੋਂ ਆਮ ਭੋਜਨ ਸੀ ਕਿਉਂ ਜੋ ਇਸ ਨੂੰ ਜ਼ਿੰਦਾ ਰਹਿਣ ਲਈ ਸਭ ਤੋਂ ਜ਼ਰੂਰੀ ਮੰਨਿਆ ਜਾਂਦਾ ਸੀ। ਖ਼ੁਦਾ ਇਹ ਆਖ ਰਿਹਾ ਸੀ ਕਿ ਉਹਨੇ ਰੋਟੀ ਦੀ ਕਮੀ ਕਰ ਦੇਣੀ ਸੀ। ਇਹ ਕਮੀ ਐਨੀ ਕੁ ਹੋਣੀ ਸੀ ਕਿ **ਦਸ ਤੀਵੀਆਂ** (ਹਰੇਕ ਇਕ ਪਰਿਵਾਰ ਨੂੰ ਦਰਸਾਉਂਦੀ) ਕੋਲ ਐਨੀਂ ਕੁ ਛੋਟੀ ਰੋਟੀ ਹੋਣੀ ਸੀ ਕਿ ਉਹ ਇਸ ਨੂੰ **ਇੱਕੋ ਤੰਦੂਰ ਵਿਚ ਪਕਾ** ਸਕਦੀਆਂ ਸਨ। (ਆਮ ਤੌਰ ਤੇ ਹਰੇਕ ਔਰਤ ਨੂੰ ਆਪਣੇ ਟੱਬਰ ਲਈ ਰੋਟੀ ਪਕਾਉਣ ਵਾਸਤੇ ਆਪਣਾ ਤੰਦੂਰ ਚਾਹੀਦਾ ਹੁੰਦਾ ਸੀ।) ਉਨ੍ਹਾਂ ਨੇ **ਰੋਟੀ ਤੋਲ ਕੇ** ਦੇਣੀ ਸੀ, ਜੋ ਉਸ ਦੀ ਕਮੀ ਹੋਣ ਦੇ ਵਿਚਾਰ ਦਾ ਸੁਝਾਅ ਦਿੰਦਾ ਹੈ। ਲੋਕਾਂ ਕੋਲ ਖਾਣ ਲਈ ਕੁਝ ਹੋਣਾ ਤਾਂ ਜ਼ਰੂਰ ਸੀ ਪਰ ਐਨਾ ਨਹੀਂ। ਭੁੱਖ ਹਰ ਪਾਸੇ ਹੋਣੀ ਸੀ।

ਖ਼ੁਦਾ ਨੇ ਖੁਸ਼ਹਾਲੀ ਅਤੇ ਉਤਪਾਦਕਤਾ ਦਾ ਵਾਅਦਾ ਦਿੱਤਾ ਸੀ ਜੇ ਇਸਰਾਏਲੀ ਉਸ ਦਾ ਹੁਕਮ ਮੰਨਦੇ। ਇਨ੍ਹਾਂ ਆਇਤਾਂ ਵਿਚ ਉਹਨੇ ਉਸ ਦੇ ਲੋਕਾਂ ਵੱਲੋਂ ਉਸ ਦਾ ਹੁਕਮ ਨਾ ਮੰਨੇ ਜਾਣ ਤੇ ਦੇਸ਼ ਨੂੰ ਜੰਗ ਅਤੇ ਬੀਮਾਰੀ ਅਤੇ ਭੁੱਖ ਦੇ ਸਰਾਪ ਦਾ ਵਾਅਦਾ ਦਿੱਤਾ।

5. ਤਬਾਹੀ, ਦੇਸ਼ ਨਿਕਾਲਾ ਅਤੇ ਬਰਬਾਦੀ (26:27-33)

**[27]ਅਤੇ ਜੇ ਤੁਸੀਂ ਏਹ ਸਭ ਕਰਕੇ ਮੇਰੇ ਵੱਲ ਧਿਆਨ ਨਾ ਕਰੋ ਪਰ ਮੇਰੇ ਵਿਰੁੱਧ ਵਿੱਚ ਤੁਰੋ [28]ਤਦ ਮੈਂ ਭੀ ਡਾਢੇ ਕਰੋਧ ਨਾਲ ਤੁਹਾਡੇ ਵਿਰੁੱਧ ਵਿੱਚ ਤੁਰਾਂਗਾ ਅਤੇ ਮੈਂ, ਹਾਂ, ਮੈਂ ਤੁਹਾਡੇ ਪਾਪਾਂ ਦੇ ਕਾਰਨ ਤੁਹਾਨੂੰ ਸੱਤ ਗੁਣਾ ਹੋਰ ਦੰਡ ਪਾਵਾਂਗਾ [29]ਅਤੇ ਤੁਸੀਂ ਆਪਣੇ ਪੁੱਤਰਾਂ ਦਾ ਮਾਸ ਖਾਓਗੇ ਅਤੇ ਤੁਸੀਂ ਆਪਣੀਆਂ ਧੀਆਂ ਦਾ ਮਾਸ ਖਾਓਗੇ [30]ਅਤੇ ਮੈਂ ਤੁਹਾਡੀਆਂ ਉੱਚੀਆਂ ਥਾਵਾਂ ਨੂੰ ਢਾਵਾਂਗਾ ਅਤੇ ਤੁਹਾਡੇ ਸੂਰਜ ਦੇ ਖੰਭਿਆਂ ਨੂੰ ਵੱਢਾਂਗਾ ਅਤੇ ਤੁਹਾਡੀਆਂ ਲੋਥਾਂ ਨੂੰ ਤੁਹਾਡੇ ਠਾਕੁਰਾਂ ਦੀਆਂ ਲੋਥਾਂ ਉੱਤੇ ਸੁੱਟਾਂਗਾ ਅਤੇ ਤੁਸੀਂ ਮੇਰੇ ਜੀ ਨੂੰ ਮਾੜੇ ਲੱਗੋਗੇ [31]ਅਤੇ ਮੈਂ ਤੁਹਾਡਿਆਂ ਸ਼ਹਿਰਾਂ ਨੂੰ ਉਜਾੜਾਂਗਾ ਅਤੇ ਤੁਹਾਡਿਆਂ ਪਵਿੱਤਰ ਅਸਥਾਨਾਂ ਦਾ ਨਾਸ ਕਰਾਂਗਾ ਅਤੇ ਮੈਂ ਤੁਹਾਡੀਆਂ ਸੁਗੰਧਤਾਈਆਂ ਦਾ ਮੁਸ਼ਕ ਨਾ ਲਵਾਂਗਾ [32]ਅਤੇ ਮੈਂ ਉਸ ਦੇਸ ਦਾ ਨਾਸ ਕਰਵਾਵਾਂਗਾ ਅਤੇ ਤੁਹਾਡੇ ਵੈਰੀ ਜੋ ਉਸ ਦੇ ਵਿੱਚ ਰਹਿੰਦੇ ਹਨ ਸੋ ਵੇਖਕੇ ਅਚਰਜ ਹੋ ਜਾਣਗੇ [33]ਅਤੇ ਮੈਂ ਤੁਹਾਨੂੰ ਕੌਮਾਂ ਵਿੱਚ ਖਿੰਡਾਵਾਂਗਾ ਅਤੇ ਮੈਂ ਤੁਹਾਡੇ ਮਗਰੋਂ ਤਲਵਾਰ ਚਲਾਵਾਂਗਾ ਅਤੇ ਤੁਹਾਡਾ ਦੇਸ ਵੇਹਲਾ ਹੋ ਜਾਏਗਾ ਅਤੇ ਤੁਹਾਡੇ ਸ਼ਹਿਰ ਉੱਜੜ ਜਾਣਗੇ।**

ਇਸ ਪੈਰ੍ਹੇ ਵਿਚ ਸਰਾਪਾਂ ਵਾਲਾ ਭਾਗ ਖ਼ੁਦਾ ਦੀਆਂ ਗੱਲਾਂ ਵਿਚ ਆਪਣੇ ਚਰਮ ਵਿਚ ਪਹੁੰਚਦਾ ਹੈ। ਪਹਿਲਾਂ ਖ਼ੁਦਾ ਨੇ ਲੋਕਾਂ ਨੂੰ ਬੀਮਾਰੀ, ਹਾਰ, ਸੋਕੇ, ਜੰਗਲੀ ਜਾਨਵਰਾਂ, ਜੰਗ ਆਫ਼ਤ ਅਤੇ ਭੁੱਖ ਦਾ ਡਰਾਵਾ ਦਿੱਤਾ ਸੀ। ਇਨ੍ਹਾਂ ਆਇਤਾਂ ਵਿਚ ਉਹਨੇ ਇਹ ਆਖਦਿਆਂ ਕਿ ਜੇ ਇਸਰਾਏਲੀ ਉਸ ਦਾ ਹੁਕਮ ਤੋੜਨਾ ਜਾਰੀ ਰੱਖਦੇ ਹਨ ਤਾਂ ਕੌਮ ਨੂੰ ਸਭ ਕੁਝ ਗੁਆਉਣਾ ਪੈਣਾ ਸੀ ਅਤੇ ਜਲਾਵਤਨੀ ਵਿਚ ਭੇਜਿਆ ਜਾਣਾ ਸੀ, ਉਨ੍ਹਾਂ ਵਿਚ ਹੋਰ ਜੋੜ ਦਿੱਤਾ।

**ਆਇਤਾਂ 27, 28.** ਜੇ ਹੁਣ ਤਕ ਵਰਤੇ ਗਏ ਸਰਾਪ ਇਸਰਾਏਲੀਆਂ ਤੋਂ ਤੋਬਾ ਨਾ ਕਰਵਾ ਸਕੇ ਭਾਵ ਜੇ ਕੌਮ ਖ਼ੁਦਾ ਦੇ **ਵਿਰੁੱਧ ਵਿਚ ਤੁਰ**ਦੀ ਰਹੀ ਤਾਂ ਖ਼ੁਦਾ ਨੇ ਉਨ੍ਹਾਂ ਨੂੰ ਹੋਰ ਵੀ ਸਖ਼ਤੀ ਨਾਲ ਸਜ਼ਾ ਦੇਣੀ ਸੀ। ਉਹਨੇ ਫੇਰ ਆਪਣੇ ਲੋਕਾਂ ਨੂੰ ਧਮਕਾਇਆ, ਪਰ ਫ਼ਰਕ ਢੰਗ ਨਾਲ। ਪਹਿਲਾਂ ਉਹਨੇ ਉਨ੍ਹਾਂ ਦੇ ਵਿਰੁੱਧ ''ਵਿਰੋਧ ਵਿਚ ਤੁਰਨ'' ਦੀ ਧਮਕੀ ਦਿੱਤੀ ਸੀ (26:24); ਇੱਥੇ ਉਹਨੇ **ਡਾਢੇ ਕ੍ਰੋਧ ਨਾਲ** ਉਨ੍ਹਾਂ ਦੇ ਵਿਰੁੱਧ ਕੰਮ ਕਰਨ ਦੀ ਧਮਕੀ ਦਿੱਤੀ। ਹੋਰਨਾਂ ਸੰਸਕਰਣਾਂ ਵਿਚ ਇਸ ਵਾਕ ਖੰਡ ਦਾ ਅਨੁਵਾਦ ''ਤੈਸ਼ ਵਿਚ'' (KJV; NKJV; NRSV; NJB), ''ਗੁੱਸੇ ਵਿਚ (NEB; REB), ਅਤੇ ''ਜਲਨਸ਼ੀਲ ਲਲਕਾਰ ਨਾਲ'' (NAB) ਕੀਤਾ ਗਿਆ ਹੈ। ਦੂਜੇ ਸ਼ਬਦਾਂ ਵਿਚ ਖ਼ੁਦਾ ਨੇ ਉਨ੍ਹਾਂ ਦੀ ਬਗ਼ਾਵਤ ਤੋਂ ਐਨਾ ਪਰੇਸ਼ਾਨ ਹੋ ਜਾਣਾ ਸੀ ਕਿ ਉਹਨੇ ਅਖ਼ੀਰ ਵਿਚ ਉਨ੍ਹਾਂ ਦੇ ਵਿਰੁੱਧ ਗੁੱਸੇ ਜਾਂ ਤੈਸ਼ ਨਾਲ ਜਵਾਬ ਦੇਣਾ ਸੀ। ਆਪਣੇ ਲੋਕਾਂ ਨਾਲ ਨਰਾਜ਼ ਖ਼ੁਦਾ ਦੇ ਕ੍ਰੋਧ ਵਿਚ ਆਉਣ ਤੇ ਇਸਰਾਏਲੀਆਂ ਲਈ ਇਸ ਦੇ ਨਤੀਜੇ ਤਬਾਹਕੁੰਨ ਹੋਣੇ ਸਨ। ਉਨ੍ਹਾਂ ਦੇ **ਪਾਪਾਂ ਦੇ ਕਾਰਣ** ਉਨ੍ਹਾਂ ਨੂੰ **ਸੱਤ ਗੁਣਾ** ਸਜ਼ਾ ਦੇਣ ਦੀ ਧਮਕੀ ਦੇ ਖ਼ਤਰਨਾਕ ਨਤੀਜੇ ਹੋਣੇ ਸਨ।

**ਆਇਤ 29.** ਕੌਮ ਉੱਤੇ ਅਕਾਲ ਪੈਣਾ ਸੀ। ਇਸ ਨੇ ਐਨਾ ਭਿਆਨਕ ਹੋਣਾ ਸੀ ਕਿ ਲੋਕਾਂ ਨੇ ਖਾਣ ਲਈ ਕੁਝ ਹੋਰ ਨਾ ਹੋਣ ਕਰਕੇ **ਆਪਣੇ ਪੁੱਤਰਾਂ** ਅਤੇ **ਆਪਣੀਆਂ ਧੀਆਂ ਦਾ ਮਾਸ** ਹੀ ਖਾਣ ਲੱਗਣਾ ਸੀ (ਵੇਖੋ ਬਿਵਸਥਾ ਸਾਰ 28:52–57; 2 ਰਾਜਿਆਂ 6:28, 29; ਯਿਰਮਿਯਾਹ 19:8, 9; ਯਿਰਮਿਯਾਹ ਦਾ ਵਿਰਲਾਪ 2:20; 4:10; ਹਿਜ਼ਕੀਏਲ 5:10)।

**ਆਇਤ 30.** ਯਹੋਵਾਹ ਨੇ ਇਸ ਗੱਲ ਤਾ ਧਿਆਨ ਰੱਖਣਾ ਸੀ ਕਿ ਉਨ੍ਹਾਂ ਦੀਆਂ **ਉੱਚੀਆਂ ਥਾਵਾਂ** ਅਤੇ ਉਨ੍ਹਾਂ ਦੇ **ਸੂਰਜ ਦੇ ਖੰਭਿਆਂ** ਨੂੰ ਢਾਹ ਦਵੇ। ''ਉੱਚੀਆਂ ਥਾਵਾਂ'' ਕਨਾਨੀਆਂ ਵੱਲੋਂ ਪਹਾੜੀਆਂ ਦੀਆਂ ਟੀਸੀਆਂ ਤੇ ਖੜੀਆਂ ਕੀਤੀਆਂ ਗਈਆਂ ਬੁੱਤਪ੍ਰਸਤੀ ਦੀਆਂ ਥਾਂਵਾਂ ਸਨ। ਇਨ੍ਹਾਂ ਥਾਂਵਾਂ ਨੂੰ ਇਸਰਾਏਲੀਆਂ ਨੇ ਕਬਜ਼ਾ ਕਰਕੇ ਉਨ੍ਹਾਂ ਬੁੱਤਪ੍ਰਸਤ ਲੋਕਾਂ ਦੇ ਦੇਵੀ ਦੇਵਤਿਆਂ ਦੀ ਪੂਜਾ ਕਰਨ ਲਈ

ਵਰਤਣਾ ਸੀ ਜਿਹੜੇ ਉਨ੍ਹਾਂ ਦੇ ਵਿਚਕਾਰ ਰਹਿੰਦੇ ਸਨ। ''ਸੂਰਜ ਦੇ ਖੰਭਿਆਂ'' ਕਨਾਨੀ ਦੇਵੀ ਦੇਵਤਿਆਂ ਅੱਗੇ ਧੂਪ ਧੁਖਾਉਣ ਵਾਲੀਆਂ ਥਾਂਵਾਂ ਨੂੰ ਕਿਹਾ ਗਿਆ ਹੈ। ਯਹੋਵਾਹ ਨੇ ਹਰ ਉੱਚੀ ਥਾਂ ਅਤੇ ਵੇਦੀ ਜਿਹੜੀ ਨਕਲੀ ਦੇਵੀ-ਦੇਵਤਿਆਂ ਦੀ ਪੂਜਾ ਲਈ ਵਰਤੀ ਜਾ ਰਹੀ ਸੀ, ਢਾਹ ਦੇਣੀ ਸੀ। ਇਸ ਦੇ ਨਾਲ ਇਕ ਹੋਰ ਧਮਕੀ ਸੀ ਜਿਹੜੀ ਹੋਰ ਵੀ ਖ਼ਤਰਨਾਕ ਸੀ ਕਿ ਲੋਕਾਂ ਦੀਆਂ **ਲੋਥਾਂ** ਤਬਾਹ ਹੋਈਆਂ ਮੂਰਤੀਆਂ ਦੀ ਟੁੱਟ ਭੱਜ ਉੱਤੇ ਰੱਖੀਆਂ ਜਾਣੀਆਂ ਸਨ, ਜੋ ਉਨ੍ਹਾਂ **ਠਾਕੁਰਾਂ** ਦੇ ਨਾਲ ਸਾੜੀਆਂ ਜਾਣੀਆਂ ਸਨ।[9] ਉਨ੍ਹਾਂ ਦੇ ਬੁੱਤਪ੍ਰਸਤੀ ਕਰਨ ਦੇ ਥਾਂ ਹੀ ਨਹੀਂ ਢਾਏ ਜਾਣ ਸਨ ਬਲਕਿ ਉਨ੍ਹਾਂ ਨੂੰ ਵੀ ਮਾਰ ਦਿੱਤਾ ਜਾਣਾ ਸੀ। ਕਿਉਂ? ਕਿਉਂ ਜੋ ਖ਼ੁਦਾ ਨੂੰ ਉਹ ਉਨ੍ਹਾਂ ਦੇ ਪਾਪਾਂ ਦੇ ਕਾਰਣ **ਮਾੜੇ** ਲੱਗਣੇ ਸਨ! ਉਹਨੇ ਉਨ੍ਹਾਂ ਦੇ ਪਾਪੀ ਹੋਣ ਤੋਂ ਨਫ਼ਰਤ ਕਰਨੀ ਸੀ।

**ਆਇਤ 31.** ਖ਼ੁਦਾ ਨੇ ਕਿਹਾ ਕਿ ਉਹਨੇ ਉਨ੍ਹਾਂ ਦੇ **ਸ਼ਹਿਰਾਂ ਨੂੰ ਉਜਾੜ** ਦੇਣਾ ਸੀ ਭਾਵ ਉਨ੍ਹਾਂ ਦੇ ਸ਼ਹਿਰਾਂ ਨੂੰ ਤਬਾਹ ਕਰ ਦਿੱਤਾ ਜਾਣਾ ਸੀ। ਇਹ ਹੋਣ ਤੇ ਉਨ੍ਹਾਂ ਦੇ **ਪਵਿੱਤਰ ਅਸਥਾਨਾਂ ਦਾ ਨਾਸ** ਹੋ ਜਾਣਾ ਸੀ। ਕਿਸੇ ਨੇ ਵੀ ਬੰਦਗੀ ਕਰਨ ਲਈ ਉਨ੍ਹਾਂ ਦੇ ਪਵਿੱਤਰ ਅਸਥਾਨਾਂ ਉੱਤੇ ਨਹੀਂ ਆਉਣਾ ਸੀ ਕਿਉਂ ਜੋ ਉਹ ਤਿਆਗ ਦਿੱਤੇ ਜਾਣੇ ਸਨ। (ਇਹ ''ਪਵਿੱਤਰ ਅਸਥਾਨ'' ਸੰਭਵ ਤੌਰ ਤੇ ਪਿਛਲੀ ਆਇਤ ਵਾਂਗ ''ਉੱਚੀਆਂ ਥਾਂਵਾਂ'' ਅਤੇ ''ਸੂਰਜ ਦੇ ਖੰਭੇ'' ਸਨ ਜਿੱਥੇ ਝੂਠੇ ਦੇਵੀ-ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਸੀ।) ਯਹੋਵਾਹ ਨੇ ਆਖਿਆ ਕਿ ਉੱਥੇ, ਭਾਵੇਂ ਖ਼ੁਦਾ ਦੇ ਲੋਕ ਵੀ ਉਸ ਅੱਗੇ ਕੁਰਬਾਨੀ ਲਿਆਉਣ ਉਹਨੇ ਉਨ੍ਹਾਂ ਨੂੰ ਕਬੂਲ ਨਹੀਂ ਕਰਨਾ ਸੀ। ਉਹਨੇ ਉਨ੍ਹਾਂ ਦੀਆਂ **ਸੁਗੰਧਤਾਈਆਂ ਦਾ ਮੁਸ਼ਕ** ਨਹੀਂ ਲੈਣਾ ਸੀ। ਜਿੰਨੀ ਦੇਰ ਤਕ ਖ਼ੁਦਾ ਉਨ੍ਹਾਂ ਦੀਆਂ ਕੁਰਬਾਨੀਆਂ ਕਬੂਲ ਨਾ ਕਰਦਾ ਓਨੀ ਦੇਰ ਤਕ ਉਨ੍ਹਾਂ ਕੋਲ ਆਪਣੇ ਪਾਪਾਂ ਦੀ ਮਾਫ਼ੀ ਦਾ ਕੋਈ ਹੋਰ ਤਰੀਕਾ ਨਹੀਂ ਸੀ।

**ਆਇਤ 32.** ਖ਼ੁਦਾ ਨੇ **ਉਸ ਦੇਸ ਦਾ ਨਾਸ ਕਰਵਾ** ਦੇਣਾ ਸੀ। ਇੱਥੇ ਵਿਚਾਰ ਇਹ ਲਗਦਾ ਹੈ ਕਿ ਜ਼ਮੀਨ ਉਜਾੜ ਹੋ ਜਾਣੀ ਸੀ। ਪਰ ਇਸ ਨਾਲੋਂ ਵੀ ਵਧ ਕੇ ਇਹ ਬੰਜਰ ਅਤੇ ਵੀਰਾਣ ਹੋ ਜਾਣੀ ਸੀ। ਇਹ ਹਾਲਤ ਐਨੀ ਕੁ ਜ਼ਿਆਦਾ ਹੋਣੀ ਸੀ ਕਿ ਖ਼ੁਦਾ ਦੇ ਲੋਕਾਂ ਦੇ ਕੱਢੇ ਜਾਣ ਤੋਂ ਬਾਅਦ ਉਨ੍ਹਾਂ ਦੇ **ਵੈਰੀਆਂ ਨੇ ਜੋ ਉਸ ਦੇ ਵਿਚ ਰਹਿੰਦੇ** ਸਨ ਇਸ ਤੋਂ **ਅਚਰਜ** ਹੋ ਜਾਣਾ ਸੀ। ਇਸਰਾਏਲੀਆਂ ਦੇ ਪਾਪ ਦਾ ਇਕ ਖ਼ਤਰਨਾਕ ਨਤੀਜਾ ਇਹ ਹੋਣਾ ਸੀ ਕਿ ਉਹ ਜ਼ਮੀਨ ਜਿਸ ਵਿਚ ''ਦੁੱਧ ਅਤੇ ਸ਼ਹਿਦ ਦੀਆਂ ਨਦੀਆਂ ਵਗਦੀਆਂ ਸਨ'' ਇਸ ਦੇ ਵਾਸੀਆਂ ਲਈ ਬਦਸੂਰਤ ਅਤੇ ਘਿਨਾਉਣੀ ਹੋ ਜਾਣੀ ਸੀ।

ਇਸ ਧਮਕੀ ਦੀਆਂ ਦੋ ਗੱਲਾਂ ਧਿਆਨ ਦੇਣ ਯੋਗ ਹਨਃ (1) ਇਸਰਾਏਲੀਆਂ ਦੇ ਦੁਸ਼ਮਣਾਂ ਨੇ ਉਨ੍ਹਾਂ ਦੇ ਦੇਸ਼ ਵਿਚ ਵੱਸ ਜਾਣਾ ਸੀ। ਜਿਵੇਂ ਕਿ ਅਗਲੀ ਆਇਤ ਸਾਫ਼ ਕਰਦੀ ਹੈ, ਇਸਰਾਏਲ ਨੂੰ ਦੇਸ਼ ਵਿੱਚੋਂ ਲੈ ਕੇ ਬਾਹਰ ਖਿਲਾਰ ਦਿੱਤਾ ਜਾਣਾ ਸੀ। (2) ਇਹ ਜਗ੍ਹਾ ਜਿਹੜੀ ਉਜਾੜ ਹੋ ਜਾਣ ਵਾਲੀ ਸੀ ਉਹੀ ਦੇਸ਼ ਸੀ ਜਿਸ ਦਾ ਵਾਅਦਾ ਖ਼ੁਦਾ ਨੇ ਅਬਰਾਹਾਮ ਨੂੰ ਕੀਤਾ ਸੀ ਅਤੇ ਇਸਰਾਏਲੀਆਂ ਨੂੰ ਮਿਲਣ ਵਾਲਾ ਸੀ। ਇਸ ਉੱਤੇ ਛੇਤੀ ਹੀ ਯਹੋਸ਼ੁਆ ਵੱਲੋਂ ਕਬਜ਼ਾ ਕੀਤਾ ਜਾਣਾ ਸੀ ਅਤੇ ਬਾਰਾਂ ਗੋਤਰਾਂ ਨੇ ਇੱਥੇ ਵੱਸਣਾ ਸੀ। ਇਹ ਇਸਰਾਏਲ ਦਾ ਦੇਸ਼ ਹੋਣਾ ਸੀ ਪਰ ਜੇ ਉਹ ਉਸ ਖ਼ੁਦਾ ਦੇ ਖ਼ਿਲਾਫ਼ ਬਗ਼ਾਵਤ ਕਰਦੇ ਜਿਹੜਾ ਉਨ੍ਹਾਂ ਨੂੰ ਇਹ ਦੇਣ ਵਾਲਾ ਸੀ ਤਾਂ ਇਕ ਦਿਨ ਉਨ੍ਹਾਂ ਤੋਂ ਇਹ ਖੁੱਸ ਜਾਣਾ ਸੀ।

**ਆਇਤ 33.** ਖ਼ੁਦਾ ਦੀ ਆਖ਼ਰੀ ਧਮਕੀ ਇਹ ਸੀ ਕਿ ਇਸਰਾਏਲੀਆਂ ਨੇ **ਕੌਮਾਂ ਵਿਚ ਖਿੰਡ** ਜਾਣਾ ਸੀ। ਉਨ੍ਹਾਂ ਨੂੰ ਦੇਸ਼ ਵਿੱਚੋਂ **ਤਲਵਾਰ** ਨਾਲ ਕੱਢਿਆ ਜਾਣਾ ਸੀ। ਉਨ੍ਹਾਂ ਦੇ ਚਲੇ ਜਾਣ ਤੇ ਦੇਸ਼ **ਵੇਹਲਾ ਹੋ** ਜਾਣਾ ਸੀ ਅਤੇ **ਸ਼ਹਿਰ ਉੱਜੜ** ਜਾਣੇ ਸਨ। ਇਕ ਅਰਥ ਵਿਚ ਕੌਮ ਰਹਿਣੀ ਹੀ ਨਹੀਂ ਸੀ। ਲੋਕਾਂ ਦਾ ਸਭ ਕੁਝ ਖੁੱਸ ਜਾਣਾ ਸੀ! ਖ਼ੁਦਾ ਨੇ ਆਖਿਆ ਕਿ ਇਹ ਉਸ ਦੇ ਹੁਕਮਾਂ ਨੂੰ ਮੰਨਣ ਤੋਂ ਇਸਰਾਏਲ ਦੇ ਢੀਠਪੁਣੇ ਵਾਲੇ ਇਨਕਾਰ ਅਤੇ ਤੋਬਾ ਕੀਤੇ ਬਗ਼ੈਰ ਬਗ਼ਾਵਤ ਕਰਦੇ ਰਹਿਣ ਕਰਕੇ ਹੋਣਾ ਸੀ। ਖ਼ੁਦਾ ਦੀ ਇੱਛਾ ਦਾ ਵਿਰੋਧ ਕਰਨਾ ਯਕੀਨਨ ਬਰਬਾਦੀ ਦਾ ਕਾਰਣ ਬਣ ਜਾਵੇਗਾ।

**ਆਖ਼ਰੀ ਸਜ਼ਾ: ਗੁਲਾਮੀ ਅਤੇ ਬਰਬਾਦੀ (26:34-39)**

**[34]ਤਾਂ ਜਦ ਤੋੜੀ ਉਹ ਵੇਹਲਾ ਰਹੇ ਅਤੇ ਤੁਸੀਂ ਆਪਣੇ ਵੈਰੀਆਂ ਦੇ ਦੇਸ ਵਿੱਚ ਰਹੋ ਤਦ ਤੋੜੀ ਉਹ ਆਪਣੇ ਸੱਬਤ ਦੇ ਸਵਾਦ ਚੱਖੇ, ਹਾਂ ਉਸ ਵੇਲੇ ਦੇਸ ਵਿਸਰਮ ਕਰੇ ਅਤੇ ਆਪਣਿਆਂ ਸੱਬਤਾਂ ਦਾ ਸੁਆਦ ਚੱਖੇ [35]ਜਿੱਥੋਂ ਤੋੜੀ ਉਹ ਵੇਹਲਾ ਰਹੇ ਉੱਥੋਂ ਤੋੜੀ ਵਿਸਰਾਮ ਕਰੇ ਕਿਉਂਕਿ ਜਿਸ ਵੇਲੇ ਤੁਸੀਂ ਉਸ ਦੇਸ ਵਿੱਚ ਵੱਸਦੇ ਸਾਓ ਤੁਹਾਡੇ ਸੱਬਤਾਂ ਵਿੱਚ ਉਸ ਨੂੰ ਵਿਸਰਾਮ ਨਾ ਮਿਲਿਆ [36]ਅਤੇ ਤੁਹਾਡੇ ਵਿੱਚੋਂ ਜੋ ਜੀਉਂਦੇ ਰਹਿਣ ਉਨ੍ਹਾਂ ਦਿਆਂ ਵੈਰੀਆਂ ਦੇ ਦੇਸਾਂ ਵਿੱਚ ਮੈਂ ਉਨ੍ਹਾਂ ਦਿਆਂ ਮਨਾਂ ਨੂੰ ਢਿੱਲੇ ਕਰਾਂਗਾ ਅਤੇ ਓਹ ਪੱਤਰ ਦੇ ਖੜਕਾਰ ਸੁਣਦਿਆਂ ਭੱਜ ਜਾਣਗੇ। ਜਿਵੇਂ ਤਲਵਾਰ ਤੋਂ ਭੱਜਦੇ ਹਨ ਤਿਵੇਂ ਹੀ ਭੱਜਣਗੇ ਅਤੇ ਕਿਸੇ ਦੇ ਮਗਰ ਲੱਗੇ ਤੋਂ ਬਿਨਾਂ ਹੀ ਡਿੱਗ ਪੈਣਗੇ [37]ਅਤੇ ਓਹ ਇੱਕ ਦੂਜੇ ਉੱਤੇ ਆ ਪੈਣਗੇ, ਜੇਹੇ ਕਿਸੇ ਦੇ ਮਗਰ ਲੱਗੇ ਤੋਂ ਬਿਨਾ ਹੀ ਤਲਵਾਰ ਦੇ ਅੱਗੇ ਅਤੇ ਆਪਣੇ ਵੈਰੀਆਂ ਦੇ ਅੱਗੇ ਅੜਨ ਦਾ ਕੁਝ ਤੁਹਾਡੇ ਵਿੱਚ ਜੋਰ ਨਾ ਰਹੇਗਾ [38]ਅਤੇ ਤੁਸੀਂ ਕੌਮਾਂ ਦੇ ਵਿੱਚ ਮਰ ਜਾਉਗੇ ਅਤੇ ਤੁਹਾਡਿਆਂ ਵੈਰੀਆਂ ਦਾ ਦੇਸ ਤੁਹਾਨੂੰ ਨਿਗਲ ਜਾਏਗਾ [39]ਅਤੇ ਉਹ ਜੋ ਤੁਹਾਡੇ ਵਿੱਚੋਂ ਰਹਿਣਗੇ ਸੋ ਤੁਹਾਡੇ ਵੈਰੀਆਂ ਦੇ ਦੇਸਾਂ ਵਿੱਚ ਬਦੀ ਕਰਦੇ ਕਰਦੇ ਲਿੱਸੇ ਪੈ ਜਾਣਗੇ, ਨਾਲੇ ਆਪਣੇ ਪਿਉ ਦਾਦਿਆਂ ਦੀਆਂ ਬਦੀਆਂ ਵਿੱਚ ਲਿੱਸੇ ਪੈ ਜਾਣਗੇ।**

ਸਰਾਪਾਂ ਦੀਆਂ ਪੰਜ ਧਮਕੀਆਂ ਦੇਣ ਤੋਂ ਬਾਅਦ ਯਹੋਵਾਹ ਨੇ ਇਸਰਾਏਲੀਆਂ ਦੇ ''ਖਿੰਡ ਜਾਣ'' ਅਤੇ ਦੇਸ਼ ਦੇ ''ਉੱਜੜ ਜਾਣ'' ਦੇ ਨਤੀਜਿਆਂ ਦਾ ਬਿਆਨ ਕੀਤਾ।

**ਆਇਤਾਂ 34, 35.** ਲੋਕਾਂ ਲਈ ਖ਼ੁਦਾ ਦੀ ਆਖ਼ਰੀ ਸਜ਼ਾ ਦੇ ਨਤੀਜੇ ਵਜੋਂ ਉਜਾੜ ਹੋਏ **ਦੇਸ** ਦਾ ਇਕ ਪਸੰਦੀਦਾ ਨਤੀਜਾ ਹੋਣਾ ਸੀ। ਇਸ ਨੂੰ ਇਜਾਜ਼ਤ ਹੋਣੀ ਸੀ ਕਿ **ਜਿੱਥੋਂ ਤੋੜੀ ਉਹ ਵੇਹਲਾ ਰਹੇ ਉੱਥੋਂ ਤੋੜੀ ਵਿਸਰਾਮ ਕਰੇ**। ''ਵਿਸਰਾਮ'' ਇਬਰਾਨੀ ਸ਼ਬਦ *ratsah* (*ਰਾਤਸਾ*) ਤੋਂ ਲਿਆ ਗਿਆ ਹੈ ਜਿਸ ਦਾ ਮੂਲ ਅਰਥ ਹੈ ''ਦੇ ਨਾਲ ਸੰਤੁਸ਼ਟ ਹੋਵੇ।''

ਖ਼ੁਦਾ ਇਸਰਾਏਲ ਦੇ ਭਵਿੱਖ ਦੇ ਅੰਦਰ ਝਾਕ ਰਿਹਾ ਸੀ। ਵਿਚਾਰ ਇਹ ਹੈ ਕਿ ਇਸ ਵੇਲੇ ਤਕ ਉਸ ਦੇ ਲੋਕ ਵਾਅਦੇ ਦੀ ਧਰਤੀ ਵਿਚ ਰਹਿ ਰਹੇ ਸਨ ਪਰ ਸੱਬਤ ਅਤੇ ਸੱਬਤ ਦੇ ਵਰ੍ਹੇ ਨੂੰ **ਵਿਸਰਾਮ** ਨਹੀਂ ਕਰਦੇ ਸਨ, ਜਦ ਜ਼ਮੀਨ ਨੂੰ ਖੇਤੀਬਾੜੀ ਤੋਂ **ਵਿਸਰਾਮ** ਕਰਨ ਦੇਣਾ ਚਾਹੀਦਾ ਸੀ। ਲੋਕਾਂ ਦੇ ਦੇਸ਼ ਵਿੱਚੋਂ ਨਿੱਕਲ ਜਾਣ ਤੇ ਇਸ ਨੇ ਖੇਤੀਬਾੜੀ ਤੋਂ ਉਹ ਅਜ਼ਾਦੀ ਪਾ ਲੈਣੀ ਸੀ ਜਿਸ ਦੀ ਇਹ ਹੱਕਦਾਰ ਸੀ। ਖ਼ੁਦਾ ਨੇ ਜ਼ਮੀਨ ਦੇ ਅਰਾਮ ਦਾ ਹੁਕਮ ਦਿੱਤਾ ਸੀ ਅਤੇ ਉਹ ਸਮਝਾ ਰਿਹਾ ਸੀ ਕਿ ਇਸ ਵਿਚ ਰਹਿਣ ਵਾਲੇ ਲੋਕਾਂ ਵੱਲੋਂ ਬਾਰ-ਬਾਰ ਹੁਕਮ ਤੋੜੇ ਜਾਣ ਤੋਂ ਬਾਅਦ ਕੀ ਹੋਣਾ ਸੀ।

**ਆਇਤਾਂ 36, 37.** ਉਜਾੜ ਹੋਈ ਜ਼ਮੀਨ ਨੂੰ ਤਾਂ ਭਾਵੇਂ ਇਕ ਦਿਨ ਅਰਾਮ ਮਿਲ ਜਾਣਾ ਸੀ ਪਰ ਉੱਜੜੇ ਹੋਏ ਲੋਕਾਂ ਨੂੰ ਆਪਣਾ ਉੱਜੜਨਾ ਪਸੰਦ ਨਹੀਂ ਆਉਣਾ ਸੀ। ਉਨ੍ਹਾਂ ਉੱਤੇ ਕਮਜ਼ੋਰੀ, ਕਾਇਰਤਾ ਅਤੇ ਨਾਲਾਇਕੀ ਦੀ ਆਫ਼ਤ ਆਉਣੀ ਸੀ। **ਉਨ੍ਹਾਂ ਦਿਆਂ ਮਨਾਂ** ਨੇ **ਢਿੱਲੇ** ਪੈ ਜਾਣਾ ਸੀ ਜਿਸ ਕਰਕੇ ਉਨ੍ਹਾਂ ਨੂੰ ਹਰ ਚੀਜ਼ ਤੋਂ ਡਰ ਲੱਗਣਾ ਸੀ! ਹੱਵਾ ਚੱਲਣ ਤੇ **ਪੱਤਰ ਦੇ ਖੜਕਾਰ ਸੁਣ** ਉਨ੍ਹਾਂ ਨੇ ਭੱਜ ਉੱਠਣਾ ਸੀ। ਉਨ੍ਹਾਂ ਨੇ ਦੁਸ਼ਮਣਾਂ ਤੋਂ ਜਿਹੜੇ ਖ਼ਿਆਲੀ ਹੀ ਹੋਣੇ ਸਨ **ਭੱਜ** ਪੈਣਾ ਸੀ ਜਦ ਕਿ ਪਿੱਛਾ ਕਰਨ ਵਾਲਾ ਕੋਈ ਨਹੀਂ ਹੋਣਾ ਸੀ। ਆਪਣੇ ਮਨਾਂ ਦੇ ਭੂਤਾਂ ਤੋਂ ਨੱਸਦਿਆਂ ਉਨ੍ਹਾਂ ਨੇ ਐਨੇ ਅਸਮਰਥ ਹੋਣਾ ਸੀ ਕਿ ਉਨ੍ਹਾਂ ਨੇ **ਇਕ ਦੂਜੇ ਉੱਤੇ ਆ ਪੈਣਾ** ਸੀ। ਖ਼ੁਦਾ ਦੇ ਖਿੰਡ ਗਏ ਲੋਕ ਐਨੇ ਕੁ ਕਮਜ਼ੋਰ ਹੋ ਜਾਣੇ ਸਨ ਕਿ ਕਿਸੇ ਅਸਲ **ਵੈਰੀ** ਵੱਲੋਂ ਉਨ੍ਹਾਂ ਉੱਤੇ ਹਮਲਾ ਕੀਤੇ ਜਾਣ ਤੇ ਉਨ੍ਹਾਂ ਦੇ **ਅੱਗੇ ਅੜਨ** ਜੋਗੇ ਨਹੀਂ ਹੋਣਾ ਸੀ।

**ਆਇਤਾਂ 38, 39.** ਆਇਤ 38 ਵਿਚ ਖ਼ੁਦਾ ਨੇ ਇਸਰਾਏਲੀਆਂ ਲਈ ਜਿਨ੍ਹਾਂ ਨੇ ਉਸ ਦਾ

ਵਚਨ ਮੰਨਣ ਤੋਂ ਆਪਣੇ ਇਨਕਾਰ ਕਰਕੇ ਖਿੰਡ–ਪੁੰਡ ਜਾਣਾ ਸੀ ਆਖ਼ਰੀ ਨਤੀਜੇ ਬਾਰੇ ਦੱਸਿਆ ਕਿ ਉਨ੍ਹਾਂ ਨੇ **ਕੌਮਾਂ ਦੇ ਵਿਚ ਮਰ** ਜਾਣਾ ਸੀ; ਅਤੇ ਉਨ੍ਹਾਂ ਦੇ **ਵੈਰੀਆਂ** ਦੇ **ਦੇਸ** ਨੇ ਉਨ੍ਹਾਂ ਨੂੰ **ਨਿਗਲ** ਜਾਣਾ ਸੀ। ਉਨ੍ਹਾਂ ਨੇ ਆਪਣੇ ਦੇਸ ਨਿਕਾਲੇ ਦੇ ਦੇਸ਼ਾਂ ਵਿਚ ਮਰ ਜਾਣਾ ਸੀ।

ਆਇਤ 39 ਵਿਚ ਯਹੋਵਾਹ ਨੇ ਧਮਕੀ ਨੂੰ ਹੋਰ ਸਾਫ਼ ਭਾਸ਼ਾ ਵਿਚ ਦੁਹਰਾਇਆ। **ਉਹ ਜੋ ਤੁਹਾਡੇ ਵਿੱਚੋਂ ਰਹਿਣਗੇ**, ਉਹ ਕੁਝ ਲੋਕ ਹਨ ਜਿਨ੍ਹਾਂ ਨੇ ਦੇਸ਼ ਦੀ ਬਰਬਾਦੀ ਵਿਚ ਬਚ ਜਾਣਾ ਸੀ ਅਤੇ ਫਿਰ ''ਕੌਮਾਂ ਦੇ ਵਿਚ'' ਖਿੰਡ ਜਾਣਾ ਸੀ। ਉਨ੍ਹਾਂ ਨਾਲ ਕੀ ਹੋਣਾ ਸੀ? ਇਹ ਆਇਤ ਦੱਸਦੀ ਹੈ ਕਿ ਉਨ੍ਹਾਂ ਨੇ ਮਰ ਜਾਣਾ ਸੀ; ਪਰ ਇਹ ਵੀ ਦੱਸਦੀ ਹੈ ਕਿ ਆਪਣੀ ਮੌਤ ਵਿਚ ਉਨ੍ਹਾਂ ਨੇ **ਲਿੱਸੇ ਪੈ ਜਾਣਾ** ਸੀ। ਕੌਮ ਦਾ ਖ਼ਾਤਮਾ ਹੌਲੀ–ਹੌਲੀ ਅਤੇ ਖੌਫ਼ਨਾਕ ਹੋਣਾ ਸੀ।

ਖ਼ੁਦਾ ਨੇ ਫੇਰ ਆਖਿਆ ਕਿ ਜਦ ਇਹ ਮੌਤ ਹੋਣੀ ਸੀ ਤਾਂ ਇਹ ਲੋਕਾਂ ਦੀ **ਬਦੀ** ਜਾਂ ਪਾਪ ਕਰਕੇ ਹੋਣੀ ਸੀ। ਪਰ ਉਹਨੇ ਅੱਗੇ ਆਖਿਆ ਕਿ ਉਨ੍ਹਾਂ ਨੂੰ **ਆਪਣੇ ਪਿਉ ਦਾਦਿਆਂ** ਦੇ ਪਾਪਾਂ ਦੇ ਕਾਰਣ ਵੀ ਸਜ਼ਾ ਮਿਲਣੀ ਸੀ। ਜੇ ਇਸਰਾਏਲੀ ਪਾਪ ਕਰਦੇ ਅਤੇ ਤੋਬਾ ਕਰਨ ਤੋਂ ਇਨਕਾਰ ਕਰਦੇ, ਜਿਸ ਨਾਲ ਕੌਮ ਨੂੰ ਸਜ਼ਾ ਮਿਲਦੀ ਅਤੇ ਖਿੰਡ ਪੁੰਡ ਜਾਂਦੇ ਅਤੇ ਜਲਾਵਤਨੀ ਵਿਚ ਖ਼ਤਮ ਹੋ ਜਾਂਦੇ, ਤਾਂ ਇਸ ਦੀ ਆਖ਼ਰੀ ਤਬਾਹੀ ਨਿਰੀ ਇੱਕੋ ਪੀੜ੍ਹੀ ਦੇ ਪਾਪਾਂ ਕਰਕੇ ਨਹੀਂ ਹੋਣੀ ਸੀ ਬਲਕਿ ਇਹ ਇਸਰਾਏਲੀਆਂ ਦੇ ਪੀੜ੍ਹੀ ਦਰ ਪੀੜ੍ਹੀ ਪਾਪ ਕਰਦੇ ਰਹਿਣ ਦਾ ਨਤੀਜਾ ਹੋਣਾ ਸੀ।

### ਤੋਬਾ ਦੀ ਸੰਭਾਵਨਾ (26:40-43)

**40ਜੇ ਉਹ ਆਪਣੀ ਬਦੀ ਨੂੰ ਅਤੇ ਆਪਣੇ ਪਿਉ ਦਾਦਿਆਂ ਦੀ ਬਦੀ ਨੂੰ, ਨਾਲੇ ਆਪਣੀ ਬੇਈਮਾਨੀ ਨੂੰ ਜਿਸ ਕਰਕੇ ਉਨ੍ਹਾਂ ਨੇ ਮੇਰਾ ਬੇਈਮਾਨੀ ਕੀਤੀ ਅਤੇ ਆਪਣੇ ਮੇਰੇ ਵਿਰੁੱਧ ਤੁਰਨ ਨੂੰ ਮੰਨ ਲੈਣ 41ਅਤੇ ਇਹ ਭੀ ਕਿ ਮੈਂ ਉਨ੍ਹਾਂ ਦੇ ਵਿਰੁੱਧ ਤੁਰਿਆ ਅਤੇ ਉਨ੍ਹਾਂ ਨੂੰ ਉਨ੍ਹਾਂ ਦਿਆਂ ਵੈਰੀਆਂ ਦੇ ਦੇਸ ਵਿੱਚ ਲਿਆਇਆ, ਜੇ ਕਦੀ ਉਸ ਵੇਲੇ ਉਨ੍ਹਾਂ ਦੇ ਅਸੁੰਨਤੀ ਰਿਦੇ ਨੀਵੇਂ ਹੋ ਜਾਣ ਅਤੇ ਉਹ ਉਸ ਵੇਲੇ ਆਪਣੀ ਬਦੀ ਦੇ ਦੰਡ ਨੂੰ ਮੰਨ ਲੈਣ 42ਤਦ ਮੈਂ ਆਪਣਾ ਨੇਮ ਯਾਕੂਬ ਦੇ ਨਾਲ ਅਤੇ ਨਾਲੇ ਆਪਣਾ ਨੇਮ ਇਸਹਾਕ ਦੇ ਨਾਲ ਅਤੇ ਨਾਲੇ ਆਪਣਾ ਨੇਮ ਅਬਰਾਹਾਮ ਦੇ ਨਾਲ ਚੇਤੇ ਕਰਾਂਗਾ ਅਤੇ ਮੈਂ ਉਸ ਦੇਸ ਦਾ ਚੇਤਾ ਭੀ ਕਰਾਂਗਾ 43ਨਾਲੇ ਉਹ ਦੇਸ ਉਨ੍ਹਾਂ ਕੋਲੋਂ ਛੱਡਿਆ ਜਾਏਗਾ ਅਤੇ ਆਪਣੇ ਸੱਬਤਾਂ ਦਾ ਸੁਆਦ ਚੱਖੇਗਾ ਜਿਸ ਵੇਲੇ ਉਹ ਉਨ੍ਹਾਂ ਤੋਂ ਬਿਨਾਂ ਵੇਹਲਾ ਰਹੇ ਅਤੇ ਉਹ ਆਪਣੀ ਬਦੀ ਦਾ ਦੰਡ ਮੰਨ ਲੈਣ ਕਿਉਂ, ਹਾਂ, ਕਿਉਂ ਜੋ ਉਨ੍ਹਾਂ ਨੇ ਮੇਰਿਆਂ ਨਿਆਵਾਂ ਨੂੰ ਤਿਆਗ ਦਿੱਤਾ ਅਤੇ ਮੇਰੀਆਂ ਬਿਧਾਂ ਉਨ੍ਹਾਂ ਦੇ ਜੀਆਂ ਨੂੰ ਮਾੜੀਆਂ ਲੱਗੀਆਂ**

ਵਚਨ ਵਿਚ ਇੱਥੋਂ ਤਕ ਨਬੂਵਤ ਕੀਤੇ ਭਿਆਨਕ ਸਰਾਪਾਂ ਦਾ ਹਨੇਰਾ ਅਚਾਨਕ ਖ਼ੁਦਾ ਦੇ ਇਸ ਐਲਾਨ ਨਾਲ ਹਟ ਜਾਂਦਾ ਹੈ ਕਿ ਪੂਰੀ ਤਰ੍ਹਾਂ ਨਾਲ ਸਜ਼ਾ ਦਿੱਤੇ ਜਾਣ ਤੋਂ ਬਾਅਦ, ਇਸਰਾਏਲੀਆਂ ਕੋਲ ਤੋਬਾ ਦਾ ਮੌਕਾ ਹੋਵੇਗਾ।

**ਆਇਤਾਂ 40, 41.** ਹੋ ਸਕਦਾ ਹੈ ਕਿ ਅਧਿਆਇ ਨੂੰ ਇੱਥੋਂ ਤਕ ਪੜ੍ਹਨ ਵਾਲਾ ਵਿਅਕਤੀ ਇਹ ਨਿਚੋੜ ਕੱਢ ਲਵੇ ਕਿ ਬੇਦੀਨ ਇਸਰਾਏਲ ਲਈ ਕੋਈ ਉਮੀਦ ਨਹੀਂ ਹੋਣੀ ਸੀ, ਪਰ ਅਚਾਨਕ ਯਹੋਵਾਹ ਨੇ ਉਸ ਦਾ ਐਲਾਨ ਕਰ ਦਿੱਤਾ ਜਿਸ ਦੀ ਇਸਰਾਏਲ ਨੂੰ ਤੋਬਾ ਕਰਨ ਲਈ ਲੋੜ ਹੋਣੀ ਸੀ। ਹਰ ਇਸਰਾਏਲੀ ਨੂੰ ਜਿਹੜਾ ਮੂਸਾ ਦੇ ਸਮੇਂ ਵਿਚ ਇਸ ਸੰਦੇਸ਼ ਨੂੰ ਸੁਣਦਾ ਇਹ ਜਾਣ ਕੇ ਦਲੇਰੀ ਮਿਲਦੀ ਹੋਵੇਗੀ ਕਿ ਖ਼ੁਦਾ ਦੇ ਲੋਕ ਭਾਵੇਂ ਅਣਆਗਿਆਕਾਰ ਸਨ ਅਤੇ ਭਾਵੇਂ ਉਨ੍ਹਾਂ ਨੂੰ ਬਾਰ–ਬਾਰ ਸਰਾਪਾਂ ਨਾਲ ਸਜ਼ਾ ਦਿੱਤੀ ਗਈ ਸੀ ਪਰ ਫਿਰ ਵੀ ਉਨ੍ਹਾਂ ਕੋਲ ਤੋਬਾ ਕਰਨ ਦਾ ਮੌਕਾ ਹੈ ਸੀ।

ਤੋਬਾ ਦੀ ਸੰਭਾਵਨਾ ਇਸ ਤੱਥ ਨੂੰ ਉਭਾਰਦੀ ਹੈ ਕਿ ਖ਼ੁਦਾ ਦੀਆਂ ਤਾੜਨਾਵਾਂ ਗ਼ਲਤ ਕਰਨ

ਤੇ ਕੌਮ ਨੂੰ ਸਜ਼ਾ ਦੇਣ ਦੇ ਇਰਾਦੇ ਨਾਲ ਹੀ ਨਹੀਂ ਬਲਕਿ ਉਹ ਖ਼ੁਦਾ ਦੇ ਲੋਕਾਂ ਨੂੰ ਤੋਬਾ ਵੱਲ ਮੋੜਨ ਲਈ ਹੀ ਦਿੱਤੀਆ ਗਈਆਂ ਸਨ ਤਾਂ ਜੋ ਖ਼ੁਦਾ ਉਨ੍ਹਾਂ ਨੂੰ ਇਕ ਵਾਰ ਫੇਰ ਤੋਂ ਅਸੀਸ ਦੇ ਸਕੇ। ਇਸ ਵਚਨ ਵਿਚ ਖ਼ੁਦਾ ਇਕ ਅਜਿਹੇ ਸਮੇਂ ਨੂੰ ਪਹਿਲਾਂ ਤੋਂ ਵੇਖ ਰਿਹਾ ਸੀ ਜਦ ਉਸ ਦੇ ਪ੍ਰਤੀ ਇਸਰਾਏਲ ਦੇ ''ਵਿਰੋਧ'' ਨੇ ਉਹਨੂੰ ਉਨ੍ਹਾਂ ਨਾਲ ''ਵਿਰੋਧ'' ਵਿਖਾਉਣ ਲਈ ਉਕਸਾਉਣਾ ਸੀ। ਭਾਵੇਂ ਉਨ੍ਹਾਂ ਨੂੰ ਉਨ੍ਹਾਂ ਦੇ ਵੈਰੀਆਂ ਦੇ ਦੇਸ਼ ਵਿਚ ਵੀ ਭੇਜ ਦਿੱਤਾ ਜਾਂਦਾ ਤਾਂ ਵੀ ਖ਼ੁਦਾ ਨੇ ਉਨ੍ਹਾਂ ਨੂੰ ਆਖਿਆ ਕਿ ਫੇਰ ਤੋਂ ਉਨ੍ਹਾਂ ਵੱਲੋਂ ਤੋਬਾ ਕਰ ਲੈਣ ਤੇ ਉਨ੍ਹਾਂ ਨੂੰ ਬਰਕਤ ਦੇਣੀ ਸੀ।

ਖ਼ੁਦਾ ਨੇ ਕੀ ਆਖਿਆ ਕਿ ਤੋਬਾ ਕਰਨ ਲਈ ਇਸਰਾਏਲੀਆਂ ਨੂੰ ਕੀ ਕਰਨਾ ਜ਼ਰੂਰੀ ਸੀ?

ਪਹਿਲਾਂ, ਉਨ੍ਹਾਂ ਲਈ ਜ਼ਰੂਰੀ ਸੀ ਕਿ ਉਹ **ਆਪਣੀ ਬਦੀ ਨੂੰ ਅਤੇ ਆਪਣੇ ਪਿਉ ਦਾਦਿਆਂ ਦੀ ਬਦੀ ਨੂੰ ਮੰਨ ਲੈਣ**। ਲੋਕਾਂ ਦੇ ਰੂਪ ਵਿਚ ਉਹ ਸਿਰਫ਼ ਬਾਰ੍ਹਾਂ ਗੋਤਾਂ ਦੇ ਰਾਹੀਂ ਹੀ ਨਹੀਂ ਬਲਕਿ ਪੂਰੇ ਇਤਹਾਸ ਵਿਚ, ਇਕ ਤੋਂ ਦੂਜੀ ਪੀੜ੍ਹੀ ਨਾਲ ਖ਼ੂਨ ਅਤੇ ਵਿਸ਼ਵਾਸ ਦੇ ਬੰਧਨਾਂ ਵਿਚ ਬੱਧੇ ਹੋਏ ਸਨ। ਇਸ ਕਰਕੇ ਮੌਜੂਦਾ ਪੀੜ੍ਹੀ ਲਈ ਕੌਮ ਦੇ ਮੌਜੂਦਾ ਅਤੇ ਪਿਛਲੇ ਪਾਪਾਂ ਨੂੰ ਮੰਨ ਲੈਣਾ ਜ਼ਰੂਰੀ ਸੀ। ਉਨ੍ਹਾਂ ਦੇ ਪਾਪ **ਬਦੀ**, **ਬੇਈਮਾਨੀ** ਅਤੇ ਯਹੋਵਾਹ ਦੇ **ਵਿਰੁੱਧ ਤੁਰਨਾ** ਸਨ। ਉਨ੍ਹਾਂ ਦੇ ਪਾਪ ਖ਼ੁਦਾ ਦੇ **ਉਨ੍ਹਾਂ ਦੇ ਵਿਰੁੱਧ** ਹੋਣ ਅਤੇ ਉਨ੍ਹਾਂ ਸਾਰੇ ਸਰਾਪਾਂ ਦਾ ਕਾਰਣ ਸਨ ਜਿਨ੍ਹਾਂ ਦੀ ਰੂਪਰੇਖਾ ਉਹਨੇ ਦਿੱਤੀ।

ਦੂਜਾ, ਉਨ੍ਹਾਂ ਲਈ ਇਹ ਵੀ ਜ਼ਰੂਰੀ ਸੀ ਕਿ **ਉਨ੍ਹਾਂ ਦੇ ਅਸੁੰਨਤੀ** *[ਜਾਂ ''ਬੁੱਤਪ੍ਰਸਤ'']* **ਰਿਦੇ ਨੀਵੇਂ ਹੋ ਜਾਣ**। ਆਪਣੇ ਮਨਾਂ ਨੂੰ ਨੀਵੇਂ ਕਰਨ ਲਈ ਉਨ੍ਹਾਂ ਵਾਸਤੇ ਆਪਣੀ ਗ਼ਲਤੀ ਮੰਨ ਕੇ ਉਸ ਦੀ ਮਹਾਨਤਾ ਅਤੇ ਪਵਿੱਤਰਤਾਈ ਨੂੰ ਮੰਨਦੇ ਹੋਏ ਪਛਤਾਵੇ ਵਿਚ ਯਹੋਵਾਹ ਅੱਗੇ ਝੁਕਣਾ ਸੀ। ਇਸ ਦਾ ਅਰਥ ਇਹ ਹੋਣਾ ਸੀ ਕਿ ਉਹ ਆਪਣੀਆਂ ਬਦੀਆਂ ਲਈ ਕਿਸੇ ਤਰ੍ਹਾਂ ਦਾ ਬਹਾਨਾ ਨਹੀਂ ਲਗਾ ਸਕਦੇ ਬਲਕਿ ਉਨ੍ਹਾਂ ਲਈ ਰਹਿਮ ਵਾਸਤੇ ਯਹੋਵਾਹ ਅੱਗੇ ਗਿੜਗਿੜਾਉਣਾ ਜ਼ਰੂਰੀ ਹੈ।

ਤੀਜਾ, ਜਿੱਥੋਂ ਤਕ ਹੋ ਸਕੇ ਉਨ੍ਹਾਂ ਲਈ ਜ਼ਰੂਰੀ ਸੀ ਕਿ ਆਪਣੀਆਂ ਗ਼ਲਤੀਆਂ ਦੇ **ਦੰਡ ਨੂੰ ਮੰਨ ਲੈਣ**। ਉਨ੍ਹਾਂ ਲਈ ਉਨ੍ਹਾਂ ਵੱਲੋਂ ਕੀਤੀ ਗਈ ਗ਼ਲਤੀ ਦੀ ਭਰਪਾਈ ਕਰਨੀ ਜ਼ਰੂਰੀ ਸੀ। ਇਸ ਸੰਦਰਭ ਵਿਚ ਦੰਡ ਨੂੰ ਮੰਨ ਲੈਣ ਦਾ ਅਰਥ ਆਪਣੇ ਵੈਰੀਆਂ ਵੱਲੋਂ ਕੱਢੇ ਜਾਣ ਦੀ ਸਜ਼ਾ ਨੂੰ ਮੰਨ ਕੇ ਕੌਮਾਂ ਵਿਚ ਖਿੰਡੇ ਹੋਏ ਲੋਕਾਂ ਦੇ ਵਿਚ ਰਹਿਣਾ ਕਬੂਲ ਕਰਨਾ ਸੀ।[10]

**ਆਇਤਾਂ 42, 43.** ਜੇ ਇਸਰਾਏਲੀ ਲੋਕ ਆਪਣੇ ਪਾਪਾਂ ਨੂੰ ਮੰਨ ਕੇ, ਖ਼ੁਦਾ ਅੱਗੇ ਆਪਣੇ ਆਪ ਨੂੰ ਹਲੀਮ ਕਰਕੇ ਅਤੇ ਦੰਡ ਨੂੰ ਮੰਨ ਕੇ ਤੋਬਾ ਕਰਦੇ ਤਾਂ ਉਨ੍ਹਾਂ ਨੂੰ ਇਸ ਗੱਲ ਵਿਚ ਅਸੀਸ ਮਿਲਣੀ ਸੀ ਕਿ ਉਹ ਉਨ੍ਹਾਂ ਨਾਲ ਕੀਤਾ **ਆਪਣਾ ਨੇਮ ਚੇਤੇ** ਕਰੇ। ਖ਼ੁਦਾ ਦਾ ''ਚੇਤੇ'' ਕਰਨ ਦਾ ਮਤਲਬ ਇਹ ਨਹੀਂ ਹੈ ਕਿ ਉਹ ਉਸ ਨੇਮ ਨੂੰ ਭੁੱਲ ਗਿਆ। ਬਲਕਿ ਇਹਦਾ ਮਤਲਬ ਇਹ ਹੈ ਕਿ ਖ਼ੁਦਾ ਨੇ ਫੇਰ ਤੋਂ ਉਸ ਨੇਮ ਦੇ ਅਧਾਰ ਤੇ ਕੰਮ ਕਰਨਾ ਸੀ, ਜਿਵੇਂ ਉਸ ਨੇ ਪਹਿਲਾਂ ਕੀਤਾ ਸੀ। ਇਸ ਦੀ ਸ਼ਬਦਾਵਲੀ ਇਹ ਸੁਝਾਅ ਦਿੰਦੀ ਹੈ ਕਿ ਇਸਰਾਏਲੀਆਂ ਵੱਲੋਂ ਕੀਤੀ ਜਾਣ ਵਾਲੀ ਬਗ਼ਾਵਤ ਵੇਲੇ ਨੇਮ ਦੀਆਂ ਅਸੀਸਾਂ ਦੀ ਗੱਲ ਨੂੰ ਲਾਂਭੇ ਕਰ ਦਿਤਾ ਗਿਆ ਸੀ। ਇਸਰਾਏਲੀਆਂ ਵੱਲੋਂ ਆਪਣੀ ਬਗ਼ਾਵਤ ਤਿਆਗ ਕੇ ਤੋਬਾ ਦਾ ਮੁਜ਼ਾਹਿਰਾ ਕਰਨ ਤੇ ਖ਼ੁਦਾ ਨੇ ਫੇਰ ਤੋਂ ਨੇਮ ਦੀਆਂ ਅਸੀਸਾਂ ਨੂੰ ਬਹਾਲ ਕਰਕੇ ਉਨ੍ਹਾਂ ਉੱਤੇ ਕੰਮ ਕਰਨਾ ਸੀ।

ਯਹੋਵਾਹ ਨੇ ਉਸ ਨੇਮ ਨੂੰ ਜਿਹੜਾ ਉਹਨੇ ਨਵਿਆਉਣਾ ਸੀ ਓਸੇ ਨੇਮ ਨਾਲ ਜੋੜਿਆ ਜਾਣਾ ਜਿਹੜਾ ਉਹਨੇ **ਯਾਕੂਬ**, **ਇਸਹਾਕ** ਅਤੇ **ਅਬਰਾਹਾਮ** ਨਾਲ ਬੰਨ੍ਹਿਆ ਸੀ, ਇਹ ਸੁਝਾਅ ਦਿੰਦਾ ਹੈ ਕਿ ਸੀਨੈ ਪਹਾੜ ਉੱਤੇ ਦਿੱਤਾ ਗਿਆ ਨੇਮ ਉਨ੍ਹਾਂ ਪਹਿਲੇ ਦਿੱਤੇ ਗਏ ਨੇਮਾਂ ਦਾ ਹਿੱਸਾ ਹੀ ਮੰਨਿਆ ਜਾਣਾ ਸੀ। ਇਸ ਵਚਨ ਵਿਚ ਜਿਸ ਵੱਡੀ ਬਰਕਤ ਵੱਲ ਖ਼ੁਦਾ ਦਾ ਧਿਆਨ ਸੀ ਉਹ ਦੇਸ਼ ਦੇਣ ਦਾ ਵਾਅਦਾ ਹੈ ਜਿਹੜਾ ਅਬਰਾਹਾਮ ਨੂੰ ਦਿੱਤਾ ਗਿਆ ਸੀ ਅਤੇ ਇਸਹਾਕ ਅਤੇ ਯਾਕੂਬ ਨਾਲ ਦੁਹਰਾਇਆ ਗਿਆ ਸੀ ਅਤੇ ਜਿਹੜਾ ਛੇਤੀ ਹੀ ਇਸਰਾਏਲੀਆਂ ਵੱਲੋਂ ਕਨਾਨ ਉੱਤੇ ਫ਼ਤਹਿ ਪਾਉਣ ਵੇਲੇ ਪੂਰਾ ਹੋਣ ਵਾਲਾ

ਸੀ। ਜਦ ਖ਼ੁਦਾ ਨੇ ਆਖਿਆ, **ਮੈਂ ਉਸ ਦੇਸ ਦਾ ਚੇਤਾ ਕਰਾਂਗਾ** ਤਾਂ ਉਹ ਆਖ ਰਿਹਾ ਸੀ, ''ਮੈਂ ਦੇਸ ਦੇ ਵਾਅਦੇ ਨੂੰ ਚੇਤੇ ਕਰਾਂਗਾ''; ਅਤੇ ਉਸ ਦੇ ਕਹਿਣ ਤੋਂ ਭਾਵ ਇਹ ਸੀ ਕਿ ਉਹਨੇ ਦੇਸ ਵਿਚ ਆਪਣੇ ਖਿੰਡੇ ਹੋਏ ਲੋਕਾਂ ਨੂੰ ਬਹਾਲ ਕਰ ਦੇਣਾ ਸੀ।

ਇਸ ਦੇ ਨਾਲ ਹੀ ਬਹਾਲੀ ਦਾ ਸਮਾਂ ਆਉਣ ਤਕ **ਦੇਸ ਛੱਡਿਆ** ਜਾਣਾ ਸੀ ਅਤੇ ਇਸ ਨੇ ਉਨ੍ਹਾਂ **ਸੱਬਤਾਂ** ਨੂੰ ਮਾਣਨਾ ਸੀ ਜਿਹੜੇ ਇਸਰਾਏਲ ਦੀ ਬੇਦੀਨੀ ਦੇ ਸਾਲਾਂ ਦੌਰਾਨ ਇਸ ਨੂੰ ਨਹੀਂ ਮਿਲੇ ਸਨ ਜਦ ਲੋਕ ਆਪਣੇ ਸੱਬਤਾਂ ਨੂੰ ਨਹੀਂ ਮਨਾ ਰਹੇ ਸਨ। ਤਾੜਨਾ ਦੇ ਇਸ ਸਮੇਂ ਦੌਰਾਨ ਜਦ ਲੋਕ ਖਿੰਡੇ ਹੋਏ ਸਨ ਅਤੇ ਦੇਸ ਉਜਾੜ ਸੀ, ਉਨ੍ਹਾਂ ਨੇ ਖ਼ੁਦਾ ਦੀ ਸ਼ਰ੍ਹਾ ਨੂੰ ਨਕਾਰਣ ਅਤੇ ਖ਼ੁਦਾ ਵੱਲੋਂ ਉਨ੍ਹਾਂ ਨੂੰ ਮਾਰੇ ਜਾਣਨ ਦੇ ਕਾਰਣ ਲਈ **ਆਪਣੀ ਬਦੀ ਦਾ ਦੰਡ ਮੰਨ** ਲੈਣਾ ਜ਼ਰੂਰੀ ਸੀ। ਸਾਫ਼ ਹੈ ਕਿ ਖ਼ੁਦਾ ਦੇ ਸਰਾਪਾਂ ਨੂੰ ਸਹਿਣਾ ਇਕ ਤਰੀਕਾ ਸੀ ਕਿ ਉਸ ਦੇ ਲੋਕ ਆਪਣੇ ਪਾਪਾਂ ਲਈ ਸੁਧਾਰ ਕਰ ਸਕਣ।

## ਆਪਣੇ ਲੋਕਾਂ ਨੂੰ ਨਾ ਨਕਾਰਨ ਦਾ ਖ਼ੁਦਾ ਦਾ ਵਾਅਦਾ (26:44, 45)

**[44]ਤਾਂ ਭੀ ਜਿਸ ਵੇਲੇ ਉਹ ਆਪਣੇ ਵੈਰੀਆਂ ਦੇ ਦੇਸ ਵਿੱਚ ਹੋਣ ਮੈਂ ਉਨ੍ਹਾਂ ਨੂੰ ਰੱਦਾਂਗਾ ਅਤੇ ਉਨ੍ਹਾਂ ਦਾ ਮੂਲੋਂ ਨਾਸ ਕਰਨ ਲਈ ਅਤੇ ਆਪਣਾ ਨੇਮ ਉਨ੍ਹਾਂ ਦੇ ਨਾਲ ਤੋੜਨ ਲਈ ਉਨ੍ਹਾਂ ਨੂੰ ਮਾੜੇ ਨਾ ਜਾਣਾਂਗਾ ਕਿਉਂ ਜੋ ਮੈਂ ਯਹੋਵਾਹ ਉਨ੍ਹਾਂ ਦਾ ਪਰਮੇਸ਼ੁਰ ਹਾਂ [45]ਪਰ ਮੈਂ ਉਨ੍ਹਾਂ ਦੀ ਖਾਤਰ ਉਨ੍ਹਾਂ ਦੇ ਪਿਉ ਦਾਦਿਆਂ ਦਾ ਨੇਮ ਜਿਨ੍ਹਾਂ ਨੂੰ ਮੈਂ ਮਿਸਰ ਦੇ ਦੇਸੋਂ ਕੌਮਾਂ ਦੇ ਵੇਖਣ ਵਿੱਚ ਉਨ੍ਹਾਂ ਦਾ ਪਰਮੇਸ਼ੁਰ ਬਣਨ ਲਈ ਕੱਢ ਲਿਆਇਆ ਚੇਤੇ ਕਰਾਂਗਾ। ਮੈਂ ਯਹੋਵਾਹ ਹਾਂ।**

**ਆਇਤਾਂ 44, 45.** ਅਸੀਸਾਂ ਅਤੇ ਸਰਾਪਾਂ ਦੇ ਆਪਣੇ ਸੰਦੇਸ਼ ਦੇ ਅੰਤ ਵਿਚ ਯਹੋਵਾਹ ਨੇ ਆਪਣੇ ਲੋਕਾਂ ਨੂੰ ਸ਼ਾਨਦਾਰ ਯਕੀਨ ਦੁਆਇਆ ਕਿ ਉਹਨੇ ਉਨ੍ਹਾਂ ਨੂੰ ਤਿਆਗਣਾ ਨਹੀਂ ਸੀ। ਜ਼ਾਹਿਰ ਤੌਰ ਤੇ **ਤਾਂ ਭੀ** ਵਾਕ ਖੰਡ ਖ਼ੁਦਾ ਦੇ ਆਪਣੇ ਲੋਕਾਂ ਨੂੰ ਦੁਸ਼ਮਣ ਦੇਸ਼ਾਂ ਵਿਚ ਗੁਲਾਮੀ ਲਈ ਛੱਡ ਦਿੱਤੇ ਜਾਣ ਨੂੰ ਕਿਹਾ ਗਿਆ ਹੈ। ਭਾਵੇਂ ਖ਼ੁਦਾ ਨੇ, ਇਸਰਾਏਲੀਆਂ ਵੱਲੋਂ ਢੀਠਪੁਣੇ ਨਾਲ ਹੁਕਮ ਨਾ ਮੰਨਣੇ ਕਰਕੇ, ਇਸਰਾਏਲੀਆਂ ਦੇ ਦੁਸ਼ਮਣਾਂ ਨੂੰ ਉਨ੍ਹਾਂ ਉੱਤੇ ਫ਼ਤਹਿ ਪਾ ਕੇ ਉਨ੍ਹਾਂ ਨੂੰ ਲੈ ਜਾਣ ਦੇਣਾ ਸੀ, ਪਰ ਇਸ ਦੇ ਬਾਵਜੂਦ ਉਸ ਨੇ ਉਨ੍ਹਾਂ ਨੂੰ ਆਪਣੀ ਪਰਜਾ ਮੰਨਣਾ ਸੀ।[11]

ਇਹ ਆਖਦਿਆਂ ਕਿ ਭਾਵੇਂ ਉਹ **ਆਪਣੇ ਵੈਰੀਆਂ ਦੇ ਦੇਸ ਵਿਚ ਹੋਣ** ਯਹੋਵਾਹ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਉਨ੍ਹਾਂ ਨੂੰ ਮੈਂ ਇਸ ਹੱਦ ਤਕ **ਨਾ ਰੱਦਾਗਾਂ** ਜਾਂ ਉਨ੍ਹਾਂ ਨੂੰ **ਮਾੜੇ ਨਾ ਜਾਣਾਂਗਾ** ਕਿ ਉਨਾਂ ਨੂੰ **ਮੂਲੋਂ ਨਾਸ** ਕਰ ਦਿਆਂ। ਉਹਨੇ ਆਪਣੇ ਬਾਗੀ ਲੋਕਾਂ ਨਾਲ ਸਬੰਧ ਬਰਕਰਾਰ ਕਿਉਂ ਰੱਖਣੇ ਸਨ? ਆਪਣੇ **ਨੇਮ** ਦੇ ਕਾਰਣ! ਖ਼ੁਦਾ ਨੇ ਇਸਰਾਏਲੀਆਂ (**ਉਨ੍ਹਾਂ ਦੇ ਪਿਉਂ ਦਾਦਿਆਂ**[12]) ਨਾਲ ਨੇਮ ਬੰਨ੍ਹਿਆ ਸੀ ਜਦ ਉਹ ਉਨ੍ਹਾਂ ਨੂੰ **ਮਿਸਰ** ਵਿੱਚੋਂ ਕੱਢ ਲਿਆਇਆ ਸੀ। ਉਹ ਨੇਮ ਦੀਆਂ ਸ਼ਰਤਾਂ ਮੁਤਾਬਿਕ ਰਹੇ ਜਾਂ ਨਹੀਂ ਪਰ ਖ਼ੁਦਾ ਨੇ ਆਖਿਆ ਕਿ ਉਹ ਆਪਣੇ ਕੀਤੇ ਸਮਝੌਤੇ ਉੱਤੇ ਖਰਾ ਉੱਤਰੇਗਾ। ਆਪਣੀ ਗੱਲ ਨੂੰ ਪੂਰਾ ਕਰਨ ਦਾ ਮਤਲਬ ਇਹ ਸੀ ਕਿ ਖ਼ੁਦਾ ਨੇ ਇਸਰਾਏਲ ਨੂੰ ਆਪਣੇ ਖਾਸ ਰੂਪ ਵਿਚ ਬਰਕਰਾਰ ਰੱਖਣਾ ਸੀ ਭਾਵੇਂ ਜੋ ਵੀ ਹੋ ਜਾਵੇ। ਯਹੋਵਾਹ ਨੇ ਆਪਣੇ ਲੋਕਾਂ ਨੂੰ ਮਿਸਰ ਵਿੱਚੋਂ ਕੱਢਿਆ ਸੀ ਅਤੇ ਉਨ੍ਹਾਂ ਨਾਂਲ ਇਕ ਨੇਮ ਬੰਨ੍ਹਿਆ ਸੀ; ਅਤੇ ਉਹ ਉਸ ਦੇ ਲੋਕ ਬਣ ਗਏ ਸਨ ਅਤੇ ਇਹ ਨਿਯਮ ਕਾਇਮ ਰਹਿਣਾ ਸੀ ਭਾਵੇਂ ਇਸਰਾਏਲੀ ਕੌਮਾਂ ਵਿਚ ਖਿੰਡ ਜਾਣੇ ਸਨ।

ਇਸ ਸਚਿਆਈ ਦੀ ਗਰੰਟੀ ਉਸ ਭਾਵ **ਪਰਮੇਸ਼ੁਰ** ਵੱਲੋਂ ਦਿੱਤੀ ਗਈ ਸੀ ਜਿਹੜਾ ਸਚਿਆਈ ਨੂੰ ਪਰਿਭਾਸ਼ਿਤ ਕਰਦਾ ਹੈ। ਉਸਨੇ ਆਪਣੀ ਗੱਲ ਇਹ ਆਖਦਿਆਂ ਪੂਰੀ ਕੀਤੀ, **ਮੈਂ ਯਹੋਵਾਹ ਹਾਂ।**

## ਆਖ਼ਰੀ ਗੱਲਾਂ (26:46)

**[46]ਯਹੋਵਾਹ ਨੇ ਆਪਣੇ ਅਤੇ ਇਸਰਾਏਲੀਆਂ ਦੇ ਵਿੱਚ ਸੀਨਾ ਦੇ ਪਹਾੜ ਉੱਤੇ ਮੂਸਾ ਦੇ ਹੱਥੀਂ ਬਿਧਾਂ ਅਤੇ ਨਿਆਵਾਂ ਅਤੇ ਬਿਵਸਥਾਂ ਜੋ ਠਹਿਰਾਈਆਂ, ਸੋ ਏਹੋ ਹਨ।**

**ਆਇਤ 46.** ਇਹ ਵਾਕ ਪਿਛਲੇ ਛੱਬੀ ਅਧਿਆਇਆਂ ਵਿਚਲੇ ਪ੍ਰਕਾਸ਼ ਨੂੰ ਸੰਖੇਪ ਕਰਦਾ ਹੈ। ਉਨ੍ਹਾਂ ਅਧਿਆਇਆਂ ਵਿਚ (1) **ਬਿਧਾਂ ਅਤੇ ਨਿਆਵਾਂ ਅਤੇ ਵਿਵਸਥਾਂ** ਹਨ ਜੋ, (2) **ਯਹੋਵਾਹ** ਵੱਲੋਂ ਦਿੱਤੀਆਂ ਗਈਆਂ ਸਨ ਅਤੇ, (3) **ਇਸਰਾਏਲੀਆਂ ਨੂੰ,** (4) ਮਨੁੱਖੀ ਲੇਖਕ **ਮੂਸਾ ਦੇ ਹੱਥੀਂ**[13] ਅਤੇ, (5) **ਸੀਨਾ ਦੇ ਪਹਾੜ**, ਪ੍ਰਕਾਸ਼ ਮਿਲਣ ਦੀ ਥਾਂ ਤੇ ਦਿੱਤੀਆਂ ਗਈਆਂ ਸਨ। ਆਇਤ 46 ਪੂਰੀ ਕਿਤਾਬ ਦਾ ਸਾਰ ਲੱਗਦੀ ਹੈ।[14] ਆਰ. ਲੇਅਰਡ ਹੈਰਿਸਨ ਨੇ ਲਿਖਿਆ, ''ਇਹ ਆਇਤ ਸਚਮੁਚ ਲੇਵੀਆਂ ਦੀ ਪੋਥੀ ਦੀ ਸਮੱਗਰੀ ਦਾ ਸਾਰ ਹੈ, ਭਾਵੇਂ ਪ੍ਰਤਿੱਗਿਆਵਾਂ ਉੱਤੇ ਕੁਝ ਵਾਧੂ ਸਮੱਗਰੀ ਗਿਣਤੀ ਤੋਂ ਪਹਿਲਾਂ ਦਿੱਤੀ ਗਈ ਹੈ। ਜਿਹੜੀ ਛਾਉਣੀ ਨੂੰ ਭੰਗ ਕਰਕੇ ਕਨਾਨ ਦੇਸ਼ ਵੱਲ ਅੱਗੇ ਵਧਣ ਦੇ ਹੁਕਮ ਨਾਲ ਸ਼ੁਰੂ ਹੁੰਦੀ ਹੈ।''[15]

ਆਖ਼ਰੀ ਆਇਤ ਅਹਿਮ ਹੈ ਕਿਉਂਕਿ ਇਹ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਇਹ ਮਨੁੱਖ ਵੱਲੋਂ ਨਹੀਂ ਬਲਕਿ ਖ਼ੁਦਾ ਵੱਲੋਂ ਮਿਲੀ। ਇਸ ਦੀ ਵਿਚੋਲਗੀ ਖ਼ੁਦਾ ਦੇ ਸੇਵਕ ਮੂਸਾ ਦੇ ਰਾਹੀਂ ਕੀਤੀ ਗਈ। ਉਦਾਰਵਾਦੀ ਵਿਦਵਾਨਾਂ ਦੇ ਵਿਚਾਰ ਦੇ ਉਲਟ, ਇਹ ਦਰਜਣਾਂ ਅਨਾਮ, ਖ਼ੁਦਾ ਦੀ ਪ੍ਰੇਰਣਾ ਰਹਿਤ ਲੇਖਕਾਂ ਅਤੇ ਸੰਪਾਦਕਾਂ ਵੱਲੋਂ ਸੈਕੜੇ ਸਾਲਾਂ ਦੇ ਯਤਨ ਅਤੇ ਭੁੱਲ ਦੇ ਅਨੁਭਵਾਂ, ਜੋੜ ਅਤੇ ਘਟਾ ਅਤੇ ਸੁਧਾਰਾਂ ਦਾ ਨਹੀਂ ਸੀ। ਜੇ ਕੋਈ ਬਾਈਬਲ ਵਿਚ ਵਿਸ਼ਵਾਸ ਕਰਦਾ ਹੈ ਤਾਂ ਉਹਦੇ ਲਈ ਇਹ ਵਿਸ਼ਵਾਸ ਕਰਨਾ ਜ਼ਰੂਰੀ ਹੈ ਕਿ ਤੁਰੇਤ ਦੇ ਬਾਕੀ ਦੇ ਨਿਯਮਾਂ ਵਾਂਗ ਲੇਵੀਆਂ ਦੀ ਪੋਥੀ ਵਿਚਲੇ ਨਿਯਮ ਵੀ ਖ਼ੁਦਾ ਦੇ ਦਿਮਾਗ ਦੀ ਕਾਢ ਸਨ ਅਤੇ ਮੂਸਾ ਦੇ ਰਾਹੀਂ ਇਸਰਾਏਲੀਆਂ ਨੂੰ ਦਿੱਤੇ ਗਏ ਸਨ।

## ਅਧਿਆਇ 26 ਵਿਚਲੇ ਅਸੀਸਾਂ ਦੇ ਵਾਅਦਿਆਂ ਅਤੇ ਸਰਾਪਾਂ ਦੀਆਂ ਧਮਕੀਆਂ ਦਾ ਪੂਰਾ ਹੋਣਾ

ਅਸੀਸਾਂ ਦੇ ਵਾਅਦੇ ਜਾਂ ਨਬੂਵਤਾਂ ਅਤੇ ਸਰਾਪਾਂ ਦੀਆਂ ਧਮਕੀਆਂ ਮੂਸਾ ਦੇ ਰਾਹੀਂ ਸੀਨਾ ਪਹਾੜ ਉੱਤੇ ਦਿੱਤੇ ਗਏ। ਭਲਾ ਉਹ ਪੂਰੇ ਹੋਏ? ਜੇ ਹਾਂ ਕਦੋਂ ਅਤੇ ਕਿਵੇ?

*ਉਹ ਕਿਵੇਂ ਪੂਰੇ ਹੋਏ।* ਅਧਿਆਇ 26 ਦਾ ਕੋਈ ਪਾਠਕ ਜਿਹੜਾ ਪਰਾਣੇ ਨੇਮ ਦੇ ਇਤਹਾਸ ਤੋਂ ਜਾਣੂ ਹੈ ਉਸ ਨੂੰ ਲੱਗੇਗਾ ਕਿ ਉਹ ਨਬੂਵਤ ਭਾਵ ਵਾਚਣ ਤੋਂ ਪਹਿਲਾਂ ਇਤਹਾਸ ਨੂੰ ਪੜ੍ਹ ਰਿਹਾ ਹੈ। ਬਾਈਬਲ ਵਿਚ ਦਰਜ ਹੈ ਕਿ ਤਕਰੀਬਨ ਇਕ ਹਜ਼ਾਰ ਤੋਂ ਵੱਧ ਸਾਲਾਂ ਤਕ, ਖ਼ੁਦਾ ਨੇ ਇਸਰਾਏਲੀਆਂ ਨੂੰ ਬਰਕਤ ਦਿੱਤੀ ਜਦ ਉਹ ਉਸ ਦਾ ਹੁਕਮ ਮੰਨਦੇ ਰਹੇ ਅਤੇ ਉਸ ਕੌਮ ਨੂੰ ਸਰਾਪ ਦਿੱਤਾ ਜਦ ਉਨ੍ਹਾਂ ਉਸ ਦਾ ਹੁਕਮ ਤੋੜਿਆ। ਆਓ ਕੁਝ ਉਦਾਹਰਣਾਂ ਵੇਖਦੇ ਹਾਂ।

ਉਜਾੜ ਦਾ ਉਨ੍ਹਾਂ ਦਾ ਸਫ਼ਰ ਮੁੱਕ ਜਾਣ ਤੋਂ ਪਹਿਲਾਂ ਇਸਰਾਏਲੀਆਂ ਨੂੰ ਖ਼ੁਦਾ ਦੀ ਨਾਪਸੰਦਗੀ ਕਈ ਵਾਰ ਸਹਿਣੀ ਪੈਣੀ ਸੀ ਜਦ ਉਹਨੇ ਉਨ੍ਹਾਂ ਨੂੰ ਉਨ੍ਹਾਂ ਦੀ ਨਾਫ਼ਰਮਾਨੀ ਕਰਕੇ ਸਰਾਪ ਦੇਣਾ ਜਾਂ ਉਨ੍ਹਾਂ ਨੂੰ ਸਜ਼ਾ ਦੇਣੀ ਸੀ। ਅਸਲ ਵਿਚ ਉਨ੍ਹਾਂ ਵਿੱਚੋਂ ਜਿਹੜੇ ਮਿਸਰ ਵਿੱਚੋਂ ਨਿੱਕਲੇ ਸਨ ਕਈਆਂ ਨੇ ਆਪਣੇ ਪਾਪ ਦੇ ਕਾਰਣ ਉਜਾੜ ਵਿਚ ਹੀ ਨਾਸ ਹੋ ਜਾਣਾ ਸੀ।

ਨਿਆਈਆਂ ਦੀ ਪੁਸਤਕ ਵਿਚ, ਲੋਕਾਂ ਨੇ ਖ਼ੁਦਾ ਤੋਂ ਮੂਰਤਾਂ ਵੱਲ ਮੁੜ ਜਾਣਾ ਸੀ, ਅਤੇ ਖ਼ੁਦਾ ਨੇ ਉਨ੍ਹਾਂ ਨੂੰ ਕੁਚਲਣ ਲਈ ਕਿਸੇ ਹੋਰ ਕੌਮ ਨੂੰ ਭੇਜਣਾ ਸੀ। ਫਿਰ ਉਨ੍ਹਾਂ ਨੇ ਤੋਬਾ ਕਰਨੀ ਸੀ ਅਤੇ ਖ਼ੁਦਾ ਨੇ ਉਨ੍ਹਾਂ ਨੂੰ ਛੁਡਾ ਕੇ ਫੇਰ ਤੋਂ ਬਰਕਤ ਦੇਣੀ ਸੀ।

ਇਸਰਾਏਲ ਦੇ ਰਾਜਿਆਂ ਬਾਰੇ ਕਿਤਾਬਾਂ ਵਿਚ, ਲੇਖਕਾਂ ਨੇ ਬਾਰ-ਬਾਰ ਸਾਫ਼ ਕੀਤਾ ਕਿ ਖ਼ੁਦਾ

ਨੇ ਰਾਜਿਆਂ (ਅਤੇ ਕੌਮ) ਨੂੰ ਬਰਕਤ ਦਿੱਤੀ ਜਦੋਂ ਰਾਜੇ ਧਰਮੀ ਸਨ, ਪਰ ਉਨ੍ਹਾਂ ਨੂੰ ਉਦੋਂ ਸਰਾਪ ਮਿਲਿਆ ਜਦੋਂ ਰਾਜੇ ਦੁਸ਼ਟ ਸਨ। (ਵਿਭਾਜਿਤ ਰਾਜ ਦੌਰਾਨ ਬਹੁਤਾ ਸਮਾਂ ਉਹ ਦੁਸ਼ਟ ਹੀ ਸਨ।)

ਸਰਾਪਾਂ ਦਾ ਅਖ਼ੀਰ ਵਿਚ ਪੂਰਾ ਹੋਣਾ ਉਦੋਂ ਹੋਇਆ ਜਦੋਂ ਇਸਰਾਏਲੀਆਂ ਦੇ ਬੇਦੀਨੀ ਦੇ ਸਾਲਾਂ ਤੋਂ ਚਿੜ ਕੇ ਖ਼ੁਦਾ ਨੇ ਲੋਕਾਂ ਨੂੰ ਦਾਸਤਾ ਵਿਚ ਲਿਜਾਏ ਜਾਣ ਦੀ ਇਜਾਜ਼ਤ ਦਿੱਤੀ। ਪਹਿਲਾਂ ਅਸ਼ੂਰੀਆਂ ਨੇ ਇਸਰਾਏਲ ਦੇ ਉੱਤਰੀ ਰਾਜ ਨੂੰ ਖ਼ਤਮ ਕੀਤਾ; ਦੂਜਾ, ਬੇਬੀਲੋਨੀਆਂ ਨੇ। ਬੰਦੀਆਂ ਨੂੰ ਯਹੂਦਾ ਦੇ ਦੱਖਣੀ ਰਾਜ ਵਿੱਚੋਂ ਕੱਢ ਦਿੱਤਾ।

ਖ਼ੁਦਾ ਨੇ ਵੀ ਬਾਬਲ ਵਿਚ ਆਪ ਆਪਣੇ ਲੋਕਾਂ ਦੀ ਜਲਾਵਤਨੀ ਦੌਰਾਨ ਉਨ੍ਹਾਂ ਦਾ ਤਿਆਗ ਨਾ ਕਰਕੇ ਆਪਣਾ ਵਚਨ ਨਿਭਾਇਆ। ਅਖ਼ੀਰ ਵਿਚ ਉਸ ਨੇ ਇਕ ਬਕੀਆ ਵਾਅਦੇ ਦੀ ਧਰਤੀ ਵਿਚ ਵਾਪਸ ਲਿਆਂਦਾ ਅਤੇ ਉਨ੍ਹਾਂ ਨਾਲ ਆਪਣੇ ਨੇਮ ਨੂੰ ਨਵੇਂ ਸਿਰਿਓਂ ਬੰਨ੍ਹਿਆ (ਵੇਖੋ ਅਜ਼ਰਾ ਅਤੇ ਨਹਮਯਾਹ)। ਲੇਵੀਆਂ 26 ਵਿਚ ਅਸੀਂ ਇਨ੍ਹਾਂ ਗੱਲਾਂ ਨੂੰ ਪਹਿਲਾਂ ਹੀ ਅਸੀਸਾਂ ਅਤੇ ਸਰਾਪਾਂ ਰਾਹੀਂ ਵਿਖਾ ਦਿੱਤਾ ਹੈ।

*ਉਹ ਕਿਵੇਂ ਪੂਰੇ ਨਹੀਂ ਹੋਏ।* ਅਧਿਆਇ ਵਿਚਲੇ ਵਾਅਦੇ ਵਿਚ ਧਮਕੀ ਪੂਰੇ ਇਸਰਾਏਲ ਲਈ ਸਨ ਨਾ ਕਿ ਉਸ ਕੌਮ ਦੇ ਹਰ ਬੰਦੇ ਲਈ ਇਕੱਲੇ ਇਕੱਲੇ ਖ਼ੁਦਾ ਨੇ ਲੋਕਾਂ ਨਾਲ ਵਾਅਦਾ ਕੀਤਾ ਕਿ ਜੇ ਉਹ ਉਸ ਦੇ ਹੁਕਮਾਂ ਦੀ ਪਾਲਨਾ ਕਰਦੇ ਤਾਂ ਉਨ੍ਹਾਂ ਨੇ ਵਧਣਾ ਸੀ; ਉਹਨੇ ਇਹ ਵਾਅਦਾ ਨਹੀਂ ਕੀਤਾ ਕਿ ਹਰ ਵਿਅਕਤੀ ਜੇ ਉਸ ਦੀ ਸ਼ਰ੍ਹਾ ਨੂੰ ਮੰਨੇ ਤਾਂ ਉਹ ਤਰੱਕੀ ਕਰੇਗਾ।

ਪੁਰਾਣਾ ਨੇਮ ਇਹ ਸਾਫ਼ ਕਰ ਦਿੰਦਾ ਹੈ ਕਿ ਧਰਮੀ ਲੋਕ ਹਮੇਸ਼ਾ ਵਧਦੇ ਫੁੱਲਦੇ ਨਹੀਂ ਸਨ ਅਤੇ ਇਹ ਕਿ ਕਈ ਵਾਰ ਦੁਸ਼ਟ ਲੋਕ ਵਧਦੇ ਸਨ। ਉਦਾਹਰਣ ਲਈ ਅੱਯੂਬ ਤੇ ਤਜਰਬੇ ਇਸ ਗ਼ਲਤ ਧਾਰਣਾ ਨੂੰ ਠੀਕ ਕਰਨ ਲਈ ਦਿੱਤੇ ਗਏ ਕਿ ਧਰਮੀ ਹਮੇਸ਼ਾ ਅਮੀਰ ਹੁੰਦੇ ਹਨ ਜਦ ਕਿ ਦੁੱਖ ਹਮੇਸ਼ਾ ਪਾਪ ਦੇ ਕਾਰਣ ਹੁੰਦਾ ਹੈ। ਜ਼ਬੂਰਾਂ ਦੀ ਪੋਥੀ ਦੇ ਲੇਖਕਾਂ ਨੇ ਬਾਰ–ਬਾਰ ਸ਼ਿਕਾਇਤ ਕੀਤੀ ਕਿ ਭਾਵੇਂ ਉਹ ਧਰਮੀ ਸਨ ਪਰ ਉਨ੍ਹਾਂ ਉੱਤੇ ਦੁੱਖ ਆਉਂਦਾ ਸੀ, ਜਦ ਕਿ ਉਦੋਂ ਹੀ ਦੁਸ਼ਟ ਲੋਕ ਵਧ ਫੁੱਲ ਰਹੇ ਸਨ। ਕਈ ਵਾਰ ਭਲੇ ਲੋਕਾਂ ਨੂੰ ਦੁਸ਼ਟ ਲੋਕਾਂ ਵੱਲੋਂ ਮਾਰ ਦਿੱਤਾ ਜਾਂਦਾ ਹੈ (ਜਿਵੇਂ ਨਾਬੋਥ ਨੂੰ ਮਾਰ ਦਿੱਤਾ ਗਿਆ ਤਾਂ ਜੋ ਅਹਾਬ ਨੂੰ ਉਸ ਦਾ ਅੰਗੂਰੀ ਬਾਗ ਮਿਲ ਸਕੇ)। ਇਸ ਤੋਂ ਇਲਾਵਾ ਪੁਰਾਣੇ ਨੇਮ ਦੇ ਸਮਿਆਂ ਵਿਚ ਸ਼ਹੀਦ ਹੈ ਸਨ। ਇਸ ਵਿਚਾਰ ਨੂੰ ਕਿ ਕੀ ਖ਼ੁਦਾ ਦੇ ਵਫ਼ਾਦਾਰ ਹੋਣ ਨਾਲ ਹਮੇਸ਼ਾ ਖੁਸ਼ਹਾਲੀ ਮਿਲ ਜਾਂਦੀ ਹੈ, ਇਕ ਵੀ ਸ਼ਹੀਦ ਦੀ ਮੌਤ ਨਾਲ ਰੱਦਿਆ ਜਾਂਦਾ ਹੈ!

ਪੁਰਾਣੇ ਨੇਮ ਨੂੰ ਸਮਝਣ ਲਈ ਜਿਹੜਾ ਖ਼ੁਦਾ ਨੇ ਇਸਰਾਏਲੀਆਂ ਨਾਲ ਬੰਨ੍ਹਿਆ ਸੀ, ਇਹ ਸਮਝਣਾ ਜ਼ਰੂਰੀ ਹੈ ਕਿ ਇਸ ਦੀਆਂ ਬਰਕਤਾਂ ਅਤੇ ਸਰਾਪ ਕੌਮ ਦੇ ਲਈ ਸਨ, ਨਾ ਕਿ ਹਰ ਇਕ ਵਿਅਕਤੀ ਲਈ ਇਕੱਲੇ ਇਕੱਲੇ। ਉਹ ਕੌਮੀ ਵਾਅਦੇ ਸਨ ਨਾ ਕਿ ਨਿੱਜੀ।

## ਪ੍ਰਾਸੰਗਿਕਤਾ

**''ਅਸੀਸਾਂ ਅਤੇ ਸਰਾਪ'' ਅਤੇ ''ਸਿਹਤ ਅਤੇ ਦੌਲਤ'' ਦੀ ਖੁਸ਼ਖ਼ਬਰੀ (ਅਧਿਆਇ 26)**

ਕਈ ਪ੍ਰਚਾਰਕ ਅੱਜ ''ਸਿਹਤ ਅਤੇ ਦੌਲਤ'' ਦੀ ਖੁਸ਼ਖ਼ਬਰੀ ਦਾ ਪ੍ਰਚਾਰ ਕਰਦੇ ਹਨ। ਉਨ੍ਹਾਂ ਦਾ ਸੰਦੇਸ਼ ਇਹ ਹੁੰਦਾ ਹੈ ਕਿ ਖ਼ੁਦਾ ਆਪਣੇ ਲੋਕਾਂ ਨੂੰ ਸਰੀਰਕ ਤੌਰ ਤੇ ਅਤੇ ਆਰਥਿਕ ਤੌਰ ਤੇ ਤੰਦਰੁਸਤ ਵੇਖਣਾ ਚਾਹੁੰਦਾ ਹੈ। ਉਨ੍ਹਾਂ ਦਾ ਦਾਅਵਾ ਹੁੰਦਾ ਹੈ ਕਿ ਜੇ ਮਸੀਹੀ ਲੋਕ ਖ਼ੁਦਾ ਦੇ ਰਾਹਾਂ ਤੇ ਚੱਲਣ ਤਾਂ ਉਹ ਇਸ ਗੱਲ ਨੂੰ ਯਕੀਨੀ ਬਣਾਵੇਗਾ ਕਿ ਉਹ ਅਮੀਰ ਹੋ ਜਾਣ ਅਤੇ ਕਦੇ ਬੀਮਾਰ ਨਾ ਪੈਣ।

ਇਸ ਸਿੱਖਿਆ ਨੂੰ ਸਾਬਤ ਕਰਨ ਲਈ ਇਹ ਪ੍ਰਚਾਰਕ ਇਹ ਦਾਅਵੇ ਕਰਦੇ ਹੋਏ ਕਿ ਅਬਰਾਹਾਮ ਨੂੰ ਦਿੱਤੇ ਗਏ ਵਾਅਦੇ ਅਤੇ ਲੇਵੀਆਂ 26 ਵਰਗੇ ਹਵਾਲਿਆਂ ਦੇ ਵਾਅਦੇ ਮਸੀਹੀ ਲੋਕਾਂ ਉੱਤੇ ਲਾਗੂ

ਹੁੰਦੇ ਹਨ, ਕਈ ਵਾਰ ਪੁਰਾਣੇ ਨੇਮ ਵਿੱਚੋਂ ਦੱਸਦੇ ਹਨ। ਅਜਿਹਾ ਕਰਦਿਆਂ, ਉਹ ਕਈ ਤੱਥਾਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਅਬਰਾਹਾਮ ਸਚਮੁਚ ਵਿਚ ਅਮੀਰ ਆਦਮੀ ਸੀ ਪਰ ਉਹ ਇਕ ਖ਼ਾਸ ਆਦਮੀ ਸੀ ਜਿਸ ਦਾ ਛੁਟਕਾਰੇ ਦੀ ਖ਼ੁਦਾ ਦੀ ਯੋਜਨਾ ਵਿਚ ਇਕ ਅਹਿਮ ਯੋਗਦਾਨ ਸੀ। ਕੋਈ ਵੀ ਖ਼ੁਦਾ ਦੀ ਯੋਜਨਾ ਵਿਚ ਉਹੀ ਥਾਂ ਪਾਉਣ ਦਾ ਦਾਅਵਾ ਨਹੀਂ ਕਰ ਸਕਦਾ ਜਿਹੜਾ ਅਬਰਾਹਾਮ ਦਾ ਸੀ; ਇਸ ਕਰਕੇ ਕੋਈ ਵੀ ਇਹ ਦਾਅਵਾ ਨਹੀਂ ਕਰ ਸਕਦਾ ਕਿ ਉਹਨੂੰ ਉਹ ਵਾਅਦੇ ਮਿਲਣਾ ਯਕੀਨੀ ਹੈ ਜਿਹੜੇ ਅਬਰਾਹਾਮ ਨਾਲ ਕੀਤੇ ਗਏ ਸਨ। ਜਿਵੇਂ ਕਿ ਪਹਿਲਾਂ ਧਿਆਨ ਦੁਆਇਆ ਗਿਆ ਸੀ, ਇਸਰਾਏਲੀਆਂ ਨਾਲ ਕੀਤੇ ਗਏ ਵਾਅਦੇ ਕੌਮ ਦੇ ਨਾਲ ਕੀਤੇ ਗਏ ਵਾਅਦੇ ਸਨ, ਨਾ ਕਿ ਨਿੱਜੀ ਲੋਕਾਂ ਨਾਲ। ਜੋ ਕੁਝ ਪੁਰਾਣਾ ਨੇਮ ਦੱਸਦਾ ਹੈ ਉਹ ਅੱਜ ਸਿੱਧੇ ਤੌਰ ਤੇ ਮਸੀਹੀ ਲੋਕਾਂ ਉੱਤੇ ਲਾਗੂ ਨਹੀਂ ਹੁੰਦਾ, ਕਿਉਂ ਜੋ ਮਸੀਹੀ ਲੋਕ ਹੁਣ ਪੁਰਾਣੇ ਨੇਮ ਦੇ ਤਹਿਤ ਨਹੀਂ ਹਨ।

ਕਈ ਵਾਰ ਝੂਠੀ ਸਿੱਖਿਆ ਦੇਣ ਵਾਲੇ ਲੋਕ ਆਪਣੇ ਦਾਅਵੇ ਨੂੰ ਸਾਬਤ ਕਰਨ ਲਈ ਕਿ ਖ਼ੁਦਾ ਵਫ਼ਾਦਾਰ ਮਸੀਹੀ ਲੋਕਾਂ ਨੂੰ ਸਿਹਤ ਅਤੇ ਦੌਲਤ ਦੀਆਂ ਬਰਕਤਾਂ ਨਾਲ ਮਾਲਾਮਾਲ ਕਰਦਾ ਹੈ ਲੂਕਾ 6:38 ਵਰਗੇ ਨਵੇਂ ਨੇਮ ਦੇ ਹਵਾਲੇ ਦੱਸਦੇ ਹਨ। ਇਸ ਤਰ੍ਹਾਂ ਕਰਨ ਵਿਚ ਕਈ ਮੁਸ਼ਕਲਾਂ ਹਨ। ਬਹੁਤ ਸਾਰੇ ਮਸੀਹੀ ਸ਼ਹੀਦ ਹੋਏ (ਉਦਾਹਰਣ ਲਈ ਇਸਤੀਫ਼ਾਨ)। ਸ਼ਹਾਦਤ ਦਾ ਨਿਯਮ ''ਸਿਹਤ ਅਤੇ ਦੌਲਤ'' ਦੀ ਖੁਸ਼ਖ਼ਬਰੀ ਨਾਲ ਕਿਤੇ ਮੇਲ ਨਹੀਂ ਖਾਂਦਾ। ਨਵੇਂ ਨੇਮ ਦੇ ਸਮਿਆਂ ਵਿਚ ਬੇਸ਼ੱਕ ਕਈ ਮਸੀਹੀ ਅਮੀਰ ਹੈ ਸਨ (1 ਤਿਮੋਥਿਉਸ 6:17), ਜਦ ਕਿ ਕਈ ਨਹੀਂ ਸਨ (1 ਕੁਰਿੰਥੀਆਂ 1:26)। ਜੇ ''ਸਿਹਤ ਅਤੇ ਦੌਲਤ'' ਦੀ ਖੁਸ਼ਖ਼ਬਰੀ ਸਹੀ ਹੁੰਦੀ ਤਾਂ ਸਾਰੇ ਵਿਸ਼ਵਾਸੀ ਲੋਕਾਂ ਨੂੰ ਅਮੀਰ ਹੋ ਜਾਣਾ ਚਾਹੀਦਾ ਸੀ। ਨਾਲੇ ਨਵੇਂ ਨੇਮ ਦੇ ਸਮੇਂ ਵਿਚ ਵੀ ਮਸੀਹੀ ਲੋਕ ਬੀਮਾਰ ਹੁੰਦੇ ਸਨ ਅਤੇ ਪ੍ਰਭੂ ਵੱਲੋਂ ਹਮੇਸ਼ਾ ਉਨ੍ਹਾਂ ਨੂੰ ਚੰਗਿਆਈ ਨਹੀਂ ਮਿਲਦੀ ਸੀ (2 ਕੁਰਿੰਥੀਆਂ 12:7–10; 1 ਤਿਮੋਥਿਉਸ 5:23; 2 ਤਿਮੋਥਿਉਸ 4:20)। ਜੇ ''ਸਿਹਤ ਅਤੇ ਦੌਲਤ'' ਦੀ ਖੁਸ਼ਖ਼ਬਰੀ ਸਹੀ ਸੀ ਤਾਂ ਫਿਰ ਇਸ ਤੱਥ ਦੀ ਵਿਆਖਿਆ ਕਿਵੇਂ ਕੀਤੀ ਜਾ ਸਕਦੀ ਹੈ?

ਨਵਾਂ ਨੇਮ ਦੁਨਿਆਵੀ ਬਰਕਤਾਂ ਬਾਰੇ ਕੀ ਦੱਸਦਾ ਹੈ? ਨਵੇਂ ਨੇਮ ਵਿਚ ਦੁਨਿਆਵੀ ਬਰਕਤਾਂ ਨਾਲ ਸਬੰਧਿਤ ਸਿਰਫ਼ ਦੋ ਵਾਅਦੇ ਦਿੱਤੇ ਗਏ ਹਨ। (1) ਖ਼ੁਦਾ ਨੇ ਸਾਡੀਆਂ ਦੁਨਿਆਵੀ ਲੋੜਾਂ ਪੂਰੀਆਂ ਕਰਨ ਦਾ ਵਾਅਦਾ ਕੀਤਾ ਹੈ (ਉਸ ਦੀ ਆਪਣੀ ਪਰਿਭਾਸ਼ਾ ਮੁਤਾਬਿਕ) ਜੇ ਅਸੀਂ ਪਹਿਲਾਂ ਉਸ ਦੇ ਰਾਜ ਨੂੰ ਭਾਲੀਏ (ਮੱਤੀ 6:33)। (2) ਜੇ ਅਸੀਂ ਧਰਮੀ ਜੀਉਣ ਜੀਉਂਦੇ ਹਾਂ ਤਾਂ ਉਹਨੇ ਵਾਅਦਾ ਕੀਤਾ ਹੈ ਕਿ ਅਸੀਂ ਸਤਾਏ ਜਾਵਾਂਗੇ (2 ਤਿਮੋਥਿਉਸ 3:12)। ਸਾਨੂੰ ਇਹ ਨਿਚੋੜ ਕੱਢਣਾ ਜ਼ਰੂਰੀ ਹੈ ਕਿ ''ਸਿਹਤ ਅਤੇ ਦੌਲਤ'' ਦੀ ਖੁਸ਼ਖ਼ਬਰੀ ਦੇ ਦਾਅਵੇ ਝੂਠੇ ਹਨ। ਲੂਕਾ 6:38 ਵਰਗੀਆਂ ਆਇਤਾਂ ਵਿਚ ਮਸੀਹੀ ਲੋਕਾਂ ਨੂੰ ਦਿੱਤੇ ਗਏ ਬਰਕਤਾਂ ਦੇ ਵਾਅਦੇ ਰੂਹਾਨੀ ਸਨ, ਨਾ ਕਿ ਸਰੀਰਕ ਜਾਂ ਦੁਨਿਆਵੀ।

ਨਵੇਂ ਨੇਮ ਦੀਆਂ ਬਕਰਤਾਂ ਅਤੇ ਸਰਾਪ ਕੀ ਹਨ? ਜਿਹੜੇ ਲੋਕ ਪ੍ਰਭੂ ਦੀ ਗੱਲ ਮੰਨਦੇ ਹਨ ਉਨ੍ਹਾਂ ਨੂੰ ਸਭ ਤੋਂ ਵੱਡੀ ਬਰਕਤ ਮਿਲੇਗੀ ਕਿ ਉਹ ਬਚਾਏ ਜਾਣਗੇ (ਇਬਰਾਨੀਆਂ 5:8, 9)। ਦੂਜੇ ਪਾਸੇ ਜਿਹੜੇ ਹੁਕਮ ਨਹੀਂ ਮੰਨਦੇ ਉਹ ਸਜ਼ਾ ਪਾਉਣਗੇ (2 ਥੱਸਲੁਨੀਕੀਆਂ 1:8, 9)। ਮੱਤੀ 25 ਵਿਚ ਯਿਸੂ ਨੇ ਸਭ ਤੋਂ ਵੱਡੀ ਬਰਕਤ ਅਤੇ ਸਭ ਤੋਂ ਖ਼ਤਰਨਾਕ ਸਰਾਪ ਦੀ ਤਸਵੀਰ ਬਣਾ ਦਿੱਤੀ। ਉੱਥੇ ਉਹਨੇ ਆਖਿਆ ਕਿ ਕਿਆਮਤ ਵਾਲੇ ਦਿਨ, ਦੂਜਿਆਂ ਦੀ ਮਦਦ ਕਰਨ ਵਿਚ ਨਾਕਾਮ ਰਹਿਣ ਵਾਲੇ ਲੋਕਾਂ ਨੂੰ ਇਹ ਖ਼ੌਫ਼ਨਾਕ ਸ਼ਬਦ ਸੁਣਾਈ ਦੇਣਗੇ ਕਿ ''ਹੇ ਸਰਾਪੇ ਹੋਇਓ, ਮੇਰੇ ਕੋਲੋਂ ਉਸ ਸਦੀਪਕ ਅੱਗ ਵਿਚ ਚਲੇ ਜਾਓ'' (ਮੱਤੀ 25:41)। ਜਿਨ੍ਹਾਂ ਨੇ ਦੂਜਿਆਂ ਨਾਲ ਭਲਿਆਈ ਕੀਤੀ ਹੈ ਉਨ੍ਹਾਂ ਨੂੰ ਇਹ ਸਵਾਗਤੀ ਸ਼ਬਦ ਸੁਣਨ ਨੂੰ ਮਿਲਣਗੇ, ''ਹੇ ਮੇਰੇ ਪਿਤਾ ਦੇ ਮੁਬਾਰਕ ਲੋਕੋ ਆਓ! ਜਿਹੜਾ ਰਾਜ ਸੰਸਾਰ ਦੇ ਮੁੱਢੋਂ ਤੁਹਾਡੇ ਲਈ ਤਿਆਰ ਕੀਤਾ ਹੋਇਆ ਹੈ ਉਹਦੇ ਵਾਰਿਸ ਹੋਵੋ''(ਮੱਤੀ 25:34)। ਨਵੇਂ ਨੇਮ ਦੀਆਂ ਵੱਡੀਆਂ ਬਰਕਤਾਂ ਅਤੇ ਸਰਾਪ ਉਸ ਆਖ਼ਰੀ ਵੱਡੇ ਦਿਨ ਐਲਾਨੇ ਜਾਣਗੇ ਜਦ ਹਰ

ਕਿਸੇ ਨੂੰ ਜਾਂ ਤਾਂ ''ਹੇ ਸਰਾਪੇ ਹੋਇਓ, ... ਚਲੇ ਜਾਓ'' ਸੁਣਨ ਨੂੰ ਮਿਲੇਗਾ ਜਾਂ ਫਿਰ ''ਹੇ ਮੁਬਾਰਕ ਲੋਕੋ ਆਓ।'' ਤੁਹਾਡੇ ਜਾਂ ਮੇਰੇ ਲਈ ਇਨ੍ਹਾਂ ਵਿੱਚੋਂ ਕਿਹੜੇ ਸ਼ਬਦ ਹੋਣਗੇ?

**ਖ਼ੁਦਾ ਨੇ ਇਸਰਾਏਲੀਆਂ ਨੂੰ ਪੂਰੀ ਤਰ੍ਹਾਂ ਨਾਲ ਕਿਉਂ ਨਹੀਂ ਨਕਾਰਿਆ?** (26:44, 45)

ਖ਼ੁਦਾ ਨੇ ਇਹ ਕਿਉਂ ਨਹੀਂ ਆਖਿਆ ਕਿ ਇਸ ਤੱਥ ਦੇ ਬਾਵਜੂਦ ਕਿ ਇਸਰਾਏਲੀਆਂ ਨੂੰ ਦਾਸਤਾ ਵਿਚ ਲਿਜਾਏ ਜਾਣ ਦੇ ਰਾਹੀਂ ਉਨ੍ਹਾਂ ਦੀ ਬਾਰ–ਬਾਰ ਦੀ ਬਗ਼ਾਵਤ ਦੀ ਸਜ਼ਾ ਦਿੱਤੀ ਜਾਣੀ ਸੀ, ਉਹਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਨਕਾਰਨਾ ਜਾਂ ਖ਼ਤਮ ਨਹੀਂ ਕਰਨਾ ਸੀ। ਵਚਨ ਵਿਚ ਦਿੱਤਾ ਗਿਆ ਜਵਾਬ ਇਹ ਹੈ ਕਿ ਉਹਨੇ ਉਨ੍ਹਾਂ ਨਾਲ ਅਹਿਦ ਕੀਤਾ ਸੀ! ਖ਼ੁਦਾ ਇਸਰਾਏਲੀਆਂ ਨਾਲ ਸਬੰਧ ਵਿਚ ਆਪਣੇ ਨੇਮ ਦੇ ਸਬੰਧ ਨੂੰ ਬਣਾਈ ਰੱਖਣ ਦਾ ਐਨਾ ਧਿਆਨ ਕਿਉਂ ਰੱਖਦਾ ਸੀ?

ਜੇ ਸਾਨੂੰ ਲਗਦਾ ਹੈ ਕਿ ਖ਼ੁਦਾ ਦੇ ਨੇਮ ਨੂੰ ਬਰਕਰਾਰ ਰੱਖਣ ਦਾ ਤਹੱਈਆ ਸਿਰਫ਼ ਇਸਰਾਏਲੀਆਂ ਲਈ ਉਸ ਦੇ ਵੱਡੇ ਪ੍ਰੇਮ ਕਰਕੇ ਸੀ, ਤਾਂ ਅਸੀਂ ਗ਼ਲਤ ਹਾਂ। ਖ਼ੁਦਾ ਨੇ ਅਬਰਾਹਾਮ ਨਾਲ ਇਕ ਨੇਮ ਬੰਨ੍ਹਿਆ ਤਾਂ ਜੋ ਉਹ ਪੁਰਖਾ ਸਭ ਕੌਮਾਂ ਦੇ ਲਈ ਇਕ ਬਰਕਤ ਬਣ ਸਕੇ (ਉਤਪਤ 12:3)। ਖ਼ੁਦਾ ਨੇ ਇਸਰਾਏਲੀਆਂ ਨਾਲ ਵੀ ਸੀਨਾ ਪਹਾੜ ਉੱਤੇ ਇਕ ਨੇਮ ਬੰਨ੍ਹਿਆ ਤਾਂ ਜੋ ਇਹ ਲੋਕ ''ਜਾਜਕਾਂ ਦੀ ਬਾਦਸ਼ਾਹੀ'' ਬਣ ਸਕਣ (ਕੂਚ 19:6), ਜਿਸ ਦੇ ਰਾਹੀਂ ਉਸ ਦਾ ਪਿਆਰ ਸਾਰੇ ਸੰਸਾਰ ਨੂੰ ਦਿੱਤਾ ਜਾ ਸਕੇ।

ਇਸ ਕਰਕੇ ਇਸਰਾਏਲੀਆਂ ਨੂੰ ਤਿਆਗ ਦੇਣ ਤੋਂ ਖ਼ੁਦਾ ਦਾ ਇਨਕਾਰ ਸਿਰਫ਼ ਉਨ੍ਹਾਂ ਲੋਕਾਂ ਲਈ ਉਸ ਦੇ ਪਿਆਰ ਕਰਕੇ ਨਹੀਂ ਜਿਨ੍ਹਾਂ ਨੂੰ ਉਹ ਮਿਸਰ ਵਿੱਚੋਂ ਕੱਢ ਕੇ ਲਿਆਇਆ ਸੀ, ਬਲਕਿ ਮੁੱਖ ਤੌਰ ਤੇ ਹਰ ਜਗ੍ਹਾ ਦੇ ਸਾਰੇ ਲੋਕਾਂ ਲਈ ਉਸ ਦੇ ਪਿਆਰ ਕਰਕੇ ਸੀ। ਖ਼ੁਦਾ ਦੀ ਯੋਜਨਾ ਸੀ ਅਬਰਾਹਾਮ ਦੀ ਅੰਸ ਦੇ ਰਾਹੀਂ ਸਾਰੇ ਸੰਸਾਰ ਨੂੰ ਬਰਕਤ ਦੇਣ ਦੀ ਅਤੇ ਉਹ ਅੰਸ ਮਸੀਹ ਸੀ (ਗਲਾਤੀਆਂ 3:16)। ਜੇ ਉਹ ਇਸਰਾਏਲੀਆਂ ਨੂੰ ਪੂਰੀ ਤਰ੍ਹਾਂ ਨਾਲ ਨਕਾਰ ਦਿੰਦਾ, ਤਾਂ ਉਸ ਦੀ ਯੋਜਨਾ ਸਿਰੇ ਨਹੀਂ ਚੜ੍ਹ ਸਕਣੀ ਸੀ; ਅਤੇ ਫਿਰ ਮਨੁੱਖੀ ਕੌਮ ਨੇ ਬਿਨਾਂ ਮੁਕਤੀਦਾਤੇ ਦੇ ਨਾਸ ਹੋ ਜਾਣਾ ਸੀ।

---

ਟਿੱਪਣੀਆਂ

[1]ਇਨ੍ਹਾਂ ਸਮਝੌਤਿਆਂ ਦੇ ਦੋ ਹਰ ਭਾਗ ਦਸਤਾਵੇਜ਼ੀ ਖੰਡ ਹੁੰਦਾ ਸੀ ਜਿਸ ਵਿਚ ਸੰਕੇਤ ਦਿੱਤਾ ਗਿਆ ਹੁੰਦਾ ਸੀ ਕਿ ਸਮਝੌਤਾ ਕਿੱਥੇ ਰੱਖਿਆ ਜਾਵੇਗਾ ਅਤੇ ਸਮਝੌਤੇ ਦੇ ਗਵਾਹਾਂ ਦੀ ਸੂਚੀ। (*ਈਰਡਮੈਂਜ਼ ਹੈਂਡਬੁਕ ਟੂ ਦ ਬਾਈਬਲ*, ਸੰਪਾ. ਡੇਵਿਡ ਅਲਗਜ਼ੈਂਡਰ ਐਂਡ ਪੈਟ ਅਲਗਜ਼ੈਂਡਰ [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1973], 198–99 ਵਿਚ ਗੋਰਡਨ ਵੈਨਹਮ ''ਕੋਵਿਨੇਂਟ ਐਂਡ ਨੀਅਰ ਈਸਟਰਨ ਟ੍ਰੀਟੀਜ਼।'') [2]ਅਨੁਵਾਦ ਹੋਏ ਸ਼ਬਦ ''ਰੋਟੀ'' ਲਈ ਇਬਰਾਨੀ ਸ਼ਬਦ ਦਾ ਮੂਲ ਅਰਥ ''ਰੋਟੀ'' ਹੀ ਹੈ। [3]ਜੌਨ ਈ. ਹਾਰਟਲੇ ਨੇ 26:10 ਦੀ ਖਿਆਖਿਆ ਇਸ ਤਰ੍ਹਾਂ ਕੀਤੀ ਹੈ: ''ਇਹ ਆਇਤ ਇਕ ਦੇ ਬਾਅਦ ਇਕ ਬਹੁਤਾਇਤ ਦੀਆਂ ਫ਼ਸਲਾਂ ਦੀ ਗੱਲ ਕਰਦੀ ਹੈ। ਪੁਰਾਣੀ ਫ਼ਸਲ ਜਿਹੜੀ ਸੁੱਕ ਚੁੱਕੀ ਸੀ ਅਤੇ ਗੁਦਾਮ ਵਿਚ ਰੱਖੀ ਗਈ ਸੀ ਉਸ ਨੂੰ ਪਾਸੇ ਕਰ ਦਿੱਤਾ ਜਾਣਾ ਜ਼ਰੂਰੀ ਹੈ ਤਾਂ ਜੋ ਨਵੀਂ ਫ਼ਸਲ ਨੂੰ ਸੁੱਖਣ ਲਈ ਥਾਂ ਮਿਲ ਜਾਵੇ'' (ਜੌਨ ਈ. ਹਾਰਟਲੇ, *ਲੇਵੀਆਂ ਦੀ ਪੋਥੀ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 4 [ਡੱਲਾਸ: ਵਰਡ ਬੁਕਸ, 1992], 463)। [4]ਅਨੁਵਾਦ ਹੋਏ ਸ਼ਬਦ ''ਮਾੜੇ'' ਦੇ ਇਬਰਾਨੀ ਸ਼ਬਦ ਦਾ ਮੂਲ ਅਰਥ ''ਕਰਹਿਤ ਕਰਨਾ'' ਹੈ। [5]ਮੈਥਿਊ ਹੈਨਰੀ, *ਕਮੈਂਟਰੀ ਆਨ ਦ ਵ੍ਹੋਲ ਬਾਈਬਲ*, ਨਿਊ ਵਨ ਵੌਲਿਊਮ ਐਡਿਸ਼ੰਜ਼, ਸੰਪਾ. ਲੈਸਲੀ ਐੱਫ਼. ਚਰਚ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1960), 140. [6]ਅਧਿਆਇ ਵਿਚ ਕਈ ਵਾਰ ਯਹੋਵਾਹ ਨੇ ਲੋਕਾਂ ਨੂੰ ''ਸੱਤ ਗੁਣਾ [ਹੋਰ]'' ਸਜ਼ਾ ਦੇਣ ਦੀ ਧਮਕੀ ਦਿੱਤੀ

(26:18, 21, 24, 28) ਇਬਰਾਨੀ ਮੁਹਾਵਰਾ ਆਫ਼ਤਾਂ ਦੀ ਗਿਣਤੀ ਨਾਲੋਂ ਖ਼ੁਦਾ ਵੱਲੋਂ ਤਾੜਨਾ ਕੀਤੇ ਜਾਣ ਦੀ ਤੀਬਰਤਾ ਦਾ ਸੰਕੇਤ ਦਿੰਦਾ ਹੈ। [7]ਇਹ ਹੋ ਸਕਦਾ ਹੈ ਕਿ ''ਜੰਗਲੀ ਜਾਨਵਰ'' ਹਰ ਤਰ੍ਹਾਂ ਦੀਆਂ ਆਫ਼ਤਾਂ ਦੀ ਗੱਲ ਕਰਨ ਲਈ ਵਬਾ, ਕੁਦਰਤੀ ਆਫ਼ਤਾਂ, ਜਾਨਵਰਾਂ ਦੇ ਹਮਲਿਆਂ ਅਤੇ ਗੱਦਾਰਾਂ ਦੇ ਹਮਲਿਆਂ ਜਿਨ੍ਹਾਂ ਦੇ ਘਾਤਕ ਨਤੀਜੇ ਹੋਣੇ ਸਨ, ਪ੍ਰਤੀਕ ਵਜੋਂ ਵਰਤਿਆ ਗਿਆ। ਸ਼ਾਇਦ ਵਿਚਾਰ ਇਹ ਹੈ ਕਿ ਆਫ਼ਤਾਂ ਨੇ ਮਿਲ ਕੇ ਅਬਾਦੀ ਨੂੰ ਘਟਾ ਦੇਣਾ ਸੀ, ਖ਼ਾਸਕਰ ਛੋਟੇ ਬੱਚਿਆਂ ਦੀ ਮੌਤ ਨਾਲ। [8]ਰੌਏ ਗੇਨ, *ਲੇਵੀਆਂ ਦੀ ਪੋਥੀ, ਗਿਣਤੀ*, ਦ NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2004), 453. [9]ਇਹੀ ਇਬਰਾਨੀ ਸ਼ਬਦ (***peger***, *ਪੇਗੇਰ*) ਮੁਰਦਾ ਇਸਰਾਏਲੀਆਂ ਅਤੇ ਉਨ੍ਹਾਂ ਦੀਆਂ ਬੇਜਾਨ ਮੂਰਤਾਂ ਲਈ ਵਰਤਿਆ ਗਿਆ ਸੀ। ਇਸ ਦਾ ਵਧੇਰੇ ਮੂਲ ਅਨੁਵਾਦ ESV ਵਿਚ ਮਿਲਦਾ ਹੈ: ''ਮੈਂ ਤੁਹਾਡੀਆਂ ਮੁਰਦਾਂ ਦੇਹਾਂ ਨੂੰ ਤੁਹਾਡੀਆਂ ਮੂਰਤਾਂ ਦੀਆਂ ਮੁਰਦਾਂ ਦੇਹਾਂ ਉੱਤੇ ਸੁੱਟ ਦਿਆਂਗਾ।'' [10]ਤਿੰਨ ਪੁਆਇੰਟ ਵਰਤਣ ਦੀ ਬਜਾਇ, ਜੌਨ ਐੱਚ. ਹੇਸ ਨੇ ਪਛਤਾਵੇ ਦੇ ਪੰਜ ਪੁਆਇੰਟਾਂ ਵਾਲੇ ਸਵਾਲ ਨਾਲ ਜਵਾਬ ਦਿੱਤਾ: ''ਪਹਿਲਾ, ਉਹ ਆਪਣੀਆਂ ਬਦੀਆਂ ਅਤੇ ਆਪਣੇ ਪਿਉ ਦਾਦਿਆਂ ਦੀਆਂ ਬਦੀਆਂ ਲਈ ਦੁਖੀ ਹੋਣਗੇ (ਆਇਤ 39)। ਦੂਸਰਾ, ਉਹ ਖ਼ੁਦਾ ਦੀ ਮਰਜ਼ੀ ਦੀ ਖ਼ਿਲਾਫ਼ ਚੱਲਣ ਵਿਚ ਖ਼ੁਦਾ ਦੇ ਖ਼ਿਲਾਫ਼ ਕੀਤੇ ਗਏ ਆਪਣੇ ਅਪਰਾਧਾਂ ਵਿਚ ਕੀਤੀਆਂ ਗਈਆਂ ਇਨ੍ਹਾਂ ਬਦੀਆਂ ਦਾ ਇਕਰਾਰ ਕਰਨਗੇ (ਆਇਤ 40)। ਤੀਜਾ, ਉਹ ਇਹ ਮੰਨਣਗੇ ਕਿ ਖ਼ੁਦਾ ਉਨ੍ਹਾਂ ਦੇ ਉਲਟ ਚੱਲਿਆ ਅਤੇ ਉਹਨੇ ਉਨ੍ਹਾਂ ਨੂੰ ਉਨ੍ਹਾਂ ਦੇ ਦੁਸ਼ਮਣਾਂ ਦੇ ਦੇਸ਼ ਵਿਚ ਜਲਾਵਤਨੀ ਵਿਚ ਲੈ ਆਂਦਾ (ਆਇਤ 41)। ਚੌਥਾ, ਜਦ ਉਹ ਇਹ ਸਭ ਕਰ ਚੁੱਕਣਗੇ ਤਾਂ ਉਹ ਆਪਣੇ ਜ਼ਿਦੀ ਮਨਾਂ ਨੂੰ ਹਲੀਮ ਕਰਨਗੇ ਅਤੇ ਪੰਜਵਾਂ, ਜਲਾਵਤਨੀ ਵਿਚ ਰਹਿਣ ਅਤੇ ਦੁੱਖ ਝੱਲਣ ਦੇ ਰਾਹੀਂ ਆਪਣੇ ਪਾਪਾਂ ਦਾ ਪ੍ਰਾਸਚਿਤ ਕਰਨਗੇ (ਆਇਤਾਂ 41, 43)।'' (*ਹਾਰਪਰ'ਜ਼ ਬਾਈਬਲ ਕਮੈਂਟਰੀ*, ਸੰਪਾ. ਜੇਮਸ ਐੱਲ. ਮੇਅਜ਼ [ਸੈਨ ਫ਼੍ਰਾਂਸਿਸਕੋ: ਹਾਰਪਰ ਐਂਡ ਰੋਅ, 1988], 180 ਵਿਚ ਜੌਨ ਐੱਚ. ਹੇਅਸ, ''ਲੇਵੀਆਂ ਦੀ ਪੋਥੀ।'')

[11]CEV ਵਿਚ 26:44 ਦਾ ਅਨੁਵਾਦ ਇਹ ਦਿੱਤਾ ਗਿਆ ਹੈ: ''ਤੁਸੀਂ ਚਾਹੇ ਜੋ ਵੀ ਕੀਤਾ ਹੈ, ਮੈਂ ਫਿਰ ਵੀ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ, ਅਤੇ ਮੈਂ ਤੁਹਾਨੂੰ ਕਦੇ ਵੀ ਪੂਰੀ ਤਰ੍ਹਾਂ ਨਾਲ ਨਹੀਂ ਤਿਆਗਾਗਾਂ ਜਾਂ ਤੁਹਾਡੇ ਨਾਲ ਤੁਹਾਡੇ ਦੁਸ਼ਮਣਾਂ ਦੇ ਦੇਸ਼ ਵਿਚ ਪੂਰ ਤਰ੍ਹਾਂ ਨਾਲ ਕਰਹਿਤ ਨਹੀਂ ਕਰਾਂਗਾ।'' [12]ਇਸ ਹਵਾਲੇ ਵਿਚ ਖ਼ੁਦਾ ਦੀਆਂ ਗੱਲਾਂ ਉਸ ਸਵੇਂ ਵੱਲ ਅੱਗੇ ਨੂੰ ਵੇਖ ਰਹੀਆਂ ਸਨ ਜਦ ਇਸਰਾਈਆਂ ਨੇ ਬਗ਼ਾਵਤ ਕਰਕੇ ਦਾਸਤਾ ਵਿਚ ਲਿਜਾਏ ਜਾਣਾ ਸੀ। ਉਸ ਫ਼ਾਇਦੇ ਵਾਲੇ ਮੌਕੇ ਤੇ ਇਸਰਾਏਲੀਆਂ ਨੇ ਖ਼ੁਦਾ ਅਤੇ ''ਉਨ੍ਹਾਂ ਦੇ ਪੁਰਖਿਆਂ'' ਤੇ ਇਨਕਾਰ ਕੀਤੇ ਗਏ ਸਮਝੌਤੇ ਦੇ ਰੂਪ ਵਿਚ ਸੀਨਾ ਪਹਾੜ ਵੱਲ ਵਾਪਸ ਵੇਖਣਾ ਸੀ। [13]''ਮੂਸਾ ਦੇ ਹੱਥੀਂ'' ਮੂਲ ਵਿਚ ''ਮੂਸਾ ਦੇ ਹੱਥ ਨਾਲ'' ਹੈ। [14]ਟੀਕਾਕਾਰਾਂ ਨੇ ਆਮ ਤੌਰ ਤੇ ਅਧਿਆਇ 26 ਨੂੰ ਕਿਤਾਬ ਦਾ ਆਖ਼ਰੀ ਅਧਿਆਇ ਮੰਨਿਆ ਹੈ ਅਤੇ ਅਧਿਆਇ 27 ਨੂੰ ਅੰਤਿਕਾ। [15]*ਦ ਐਕਸਪੋਜ਼ਿਟਰਜ਼ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ–ਗਿਣਤੀ*, ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1990), 648 ਵਿਚ ਆਰ. ਲੇਅਰਡ ਹੈਰਿਸ, ''ਲੇਵਿਟਿਕਸ।'' ਸੀ. ਐੱਫ਼. ਕੇਲ ਅਤੇ ਐੱਫ਼. ਡੇਲਿਸ਼ ਨੇ ਕਿਹਾ ਕਿ ਇਸ ਆਇਤ ''ਵਿਚ ਪੂਰੀ ਕਿਤਾਬ ਦਾ ਅੰਤ ਹੈ, ਜਾਂ [ਕੂਚ 25] ਤੋਂ ਅੱਗੇ ਦੇ ਨੇਮ ਦਾ ਸਾਰਾ ਨਿਯਮ, ਭਾਵੇਂ 'ਸੀਨਾ ਦੀ ਪਹਾੜ' ਅਭਿਵਿਅਕਤੀ ਮੁੱਖ ਤੌਰ ਤੇ ਪਿੱਛੇ ਵੱਲ ਨੂੰ ਧਿਆਨ ਦੁਆਉਂਦੀ ਹੈ [ਲੇਵੀਆਂ 25:1]'' (ਸੀ. ਐੱਫ਼. ਕੇਲ ਅਤੇ ਐੱਫ਼. ਡੇਲਿਸ਼, *ਦ ਪੈਂਟਾਟਿਊਕ*, ਜਿਲਦ 2, ਅਨੁ. ਜੇਮਸ ਮਾਰਟਿਨ, ਬਿਬਲੀਕਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1959], 479)।